- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



KARTAR FURNITURE

ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6

# ਸੰਪਾਦਕੀ

## ਬਰੈਂਪਟਨ: ਕੌਣ ਜਾਣੇ ਇਹਦੀ ਸਾਰ

ਜਨਵਰੀ ਤੋਂ ਮਾਰਚ ਤੱਕ ਹਰ ਸਾਲ ਬੱਜਟ ਨੂੰ ਲੈ ਕੇ ਗੱਲਾਂ ਕਰਨ ਅਤੇ ਵਿਉਂਤਾਂ ਬਣਾਉਣ ਦਾ ਸਮਾਂ ਹੁੰਦਾ ਹੈ ਕਿਉਂਕਿ ਅਗਲੇ ਵਰ੍ਹੇ ਦੀਆਂ ਸਿਟੀ, ਪ੍ਰੋਵਿੰਸ਼ੀਅਲ ਅਤੇ ਫੈਡਰਲ ਪੱਧਰ ਦੀਆਂ ਸਰਕਾਰਾਂ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਕਾਜਾਂ ਦਾ ਧੁਰਾ ਬੱਜਟ ਨੇ ਬਣਨਾ ਹੁੰਦਾ ਹੈ। ਇਸ ਪੱਖੋਂ ਬਰੈਂਪਟਨ ਸਿਟੀ ਵੱਲੋਂ ਬੀਤੇ ਦਿਨੀਂ ਉਂਟੇਰੀਓ ਦੇ ਪ੍ਰੀਮੀਅਰ ਡੱਗ ਫੋਰਨ ਨੂੰ ਇੱਕ ਮੰਗ ਪੱਤਰ ਦਿੱਤਾ ਜਾਣਾ ਚੰਗੀ ਗੱਲ ਹੈ। ਇਸ ਵਿੱਚ ਉਹਨਾਂ ਪਹਿਲਤਾਵਾਂ ਦਾ ਵੇਰਵਾ ਦਿੱਤਾ ਗਿਆ ਹੈ ਜਿਹਨਾਂ ਨੂੰ ਅਪਨਾਉਣਾ ਬਰੈਂਪਟਨ ਦੇ ਸਰਵਪੱਖੀ ਵਿਕਾਸ ਲਈ ਲਾਜ਼ਮੀ ਹੈ। ਬਹੁਤ ਸੁੰਦਰ ਡੀਜ਼ਾਇਨ ਨਾਲ ਬਣਾਇਆ ਬਰੈਂਪਟਨ ਸਿਟੀ ਦਾ 'Provincial Pre-budget submission' ਨਾਮਕ ਇਹ ਮੰਗ ਪੱਤਰ ਹਰੇ ਰੰਗ ਨਾਲ ਓਤਪੋਤ ਹੈ ਸ਼ਾਇਦ ਇਸ ਲਈ ਕਿ ਡਾਲਰਾਂ ਦਾ ਰੰਗ ਵੀ ਹਰਾ ਹੁੰਦਾ ਹੈ। ਇਹ ਮੰਗ ਪੱਤਰ ਮੇਅਰ ਪੈਟਰਿਕ ਬਰਾਊਨ ਨੇ ਆਪਣੇ ਹੱਥੀਂ ਪ੍ਰੀਮੀਅਰ ਫੋਰਡ ਦੇ ਹੱਥੀਂ ਉਸਦੀ ਬਰੈਂਪਟਨ ਫੇਰੀ ਦੌਰਾਨ ਸੌਂਪਿਆ ਸੀ ਪਰ ਜੋ ਮੰਗਾਂ ਬਰੈਂਪਟਨ ਲਈ ਕੀਤੀਆਂ ਗਈਆਂ ਹਨ, ਉਹ ਕਮਿਊਨਿਟੀ ਦੇ ਦੁੱਖ ਦਰਦਾਂ ਦੀ ਤਰਜਮਾਨੀ ਕਰਨ ਨਾਲੋਂ ਸਿਆਸੀ ਪੁੱਠ ਵਾਲੀਆਂ ਵਧੇਰੇ ਜਾਪਦੀਆਂ ਹਨ।

ਜੇ ਇਸ ਮੰਗ ਪੱਤਰ ਨੂੰ ਬਰੈਂਪਟਨ ਸਿਟੀ ਦਾ ਉਦੇਸ਼ ਪੱਤਰ ਮੰਨ ਲਿਆ ਜਾਵੇ ਤਾਂ ਬਰੈਂਪਟਨ ਵਾਸਤੇ ਪ੍ਰਾਪਤ ਕਰਨ ਲਈ ਪੰਜ ਵੱਡੇ ਉਦੇਸ਼ ਦੱਸੇ ਗਏ ਹਨ ਜਿਹਨਾਂ ਵਿੱਚ ਟਰਾਂਸਪੋਰਟੇਸ਼ਨ ਭਾਵ ਆਵਾਜਾਈ, ਸਿਹਤ ਸੰਭਾਲ, ਟਿਕਾਊ ਭਾਈਚਾਰਾ (sustainable communities), ਕੱਲ ਨੂੰ ਪੈਦਾ ਹੋਣ ਵਾਲੀਆਂ ਜੌਬਾਂ ਲਈ ਲੋੜੀਂਦੇ ਹੁਨਰ ਅਤੇ ਕਮਿਊਨਿਟੀ ਸੁਰੱਖਿਆ ਸ਼ਾਮਲ ਹਨ। ਬਰੈਂਪਟਨ ਸਿਟੀ ਦਾ ਇਹ ਮੰਨ ਲੈਣਾ ਕਿੰਨਾ ਹਾਸੋਹੀਣਾ ਹੈ ਕਿ ਬਰੈਂਪਟਨ ਵਿੱਚ ਯੂਥ ਨੂੰ ਜੌਬਾਂ ਲੈਣ ਲਈ ਜਿਹਨਾਂ ਹੁਨਰਾਂ ਦੀ ਲੋੜ ਹੈ, ਉਸਦਾ ਇੱਕੋ ਇੱਕ ਹੱਲ ਨਵੀਂ ਯੂਨੀਵਰਸਿਟੀ ਦਾ ਹੋਂਦ ਵਿੱਚ ਆਉਣਾ ਹੈ। ਇਸੇ ਲਈ ਜੌਬਾਂ ਅਤੇ ਹੁਨਰਾਂ ਦੇ ਨਾਮ ਉੱਤੇ ਜੇ ਕੋਈ ਮੰਗ ਰੱਖੀ ਗਈ ਹੈ ਤਾਂ ਸਿਰਫ਼ ਅਤੇ ਸਿਰਫ਼ ਯੂਨੀਵਰਸਿਟੀ ਬਣਾਉਣਾ ਹੈ। ਬਰੈਂਪਟਨ ਵਿੱਚ ਯੂਨੀਵਰਸਿਟੀ ਦੀ ਲੋੜ ਬਾਰੇ ਕਿਸੇ ਨੂੰ ਕੋਈ ਦੋ ਰਾਵਾਂ ਨਹੀਂ ਹਨ ਪਰ ਇਹ ਯਕੀਨ ਕਰਨਾ ਔਖਾ ਹੈ ਕਿ ਬੇਰੁਜ਼ਗਾਰੀ ਨਾਲ ਜੁੜੇ ਸਾਰੇ ਮਸਲਿਆਂ ਦਾ ਹੱਲ ਸਿਰਫ਼ ਅਤੇ ਸਿਰਫ਼ ਯੂਨੀਵਰਸਿਟੀ ਹੋਵੇਗੀ। ਉਂਟੇਰੀਓ ਵਿੱਚ ਯੂਥ ਬੇਰੁਜ਼ਗਾਰੀ ਤਕਰੀਬਨ 12% ਹੈ ਜਦੋਂ ਕਿ ਆਮ ਜਨਸੰਖਿਆ ਵਿੱਚ ਬੇਰੁਜ਼ਗਾਰੀ ਦੀ ਦਰ 5% ਦੇ ਕਰੀਬ ਪਾਈ ਜਾਂਦੀ ਹੈ। ਇਹਨਾਂ ਅੰਕੜਿਆਂ ਦੇ ਮੱਦੇਨਜ਼ਰ ਕਿਹਾ ਜਾ ਸਕਦਾ ਹੈ ਕਿ ਯੂਨੀਵਰਸਿਟੀ ਦੀ ਮੰਗ ਇੱਕ ਸਿਆਸੀ ਤੀਰ ਵੱਧ ਕੁੱਝ ਨਹੀਂ।

ਸਿਟੀ ਨੇ ਸਿਹਤ ਸੰਭਾਲ ਨੂੰ ਲੈ ਕੇ ਜਰੂਰ ਚੰਗੇ ਅੰਕੜੇ ਪੇਸ਼ ਕੀਤੇ ਗਏ ਹਨ ਜਿਹਨਾਂ ਨੂੰ ਪੂਰਾ ਕਰਨ ਲਈ ਇੱਕ ਪੂਰੇ ਦੇ ਪੂਰੇ ਯੁੱਗ ਜਿੰਨਾ ਸਮਾਂ ਲੋੜੀਂਦਾ ਹੋਵੇਗਾ। ਮਿਸਾਲ ਵਜੋਂ ਸਿਟੀ ਮੁਤਾਬਕ ਪੀਲ ਮੈਮੋਰੀਅਲ ਦੀ ਸਮਰੱਥਾ ਮਰੀਜ਼ਾਂ ਦੀਆਂ ਹਰ ਸਾਲ 10,000 ਵਿਜ਼ਟਾਂ ਨੂੰ ਪੂਰਾ ਕਰਨ ਦੀ ਹੈ ਜਦੋਂ ਕਿ 2018/19 ਵਿੱਚ 75,000 ਤੋਂ ਵੱਧ ਮਰੀਜ਼ ਇੱਥੇ ਇਲਾਜ ਕਰਵਾਉਣ ਆਏ। ਇਹ ਉਹੀ ਪੀਲ ਮੈਮੋਰੀਅਲ ਹੈ ਜਿਸਨੂੰ ਢਾਹ ਕੇ ਵਰਤਮਾਨ ਵਾਲਾ 'ਵਾਕ ਇਨ' ਢਾਂਚਾ ਬਣਾਇਆ ਗਿਆ ਹੈ। ਕੈਨੇਡਾ ਭਰ ਵਿੱਚ ਪੁਰਾਣੇ ਪੀਲ ਮੈਮੋਰੀਅਲ ਹਸਪਤਾਲ ਤੋਂ ਜ਼ਿਆਦਾ ਪੁਰਾਣੀਆਂ ਇਮਾਰਤਾਂ ਵਾਲੇ ਕਈ ਹਸਤਪਾਲ ਹਾਲੇ ਚੱਲ ਰਹੇ ਹਨ ਅਤੇ ਬਰੈਂਪਟਨ ਦੀ ਬਦਕਿਸਮਤੀ ਵੇਖੋ ਕਿ ਨਵੇਂ ਦੇ ਨਾਮ ਉੱਤੇ ਪੁਰਾਣਾ ਖੋਹ ਲਿਆ ਗਿਆ ਪਰ ਮੁਸ਼ਕਲਾਂ ਦਾ ਪਰਨਾਲਾ ਉੱਥੇ ਦਾ ਉੱਥੇ ਹੀ ਹੈ। ਜਿੱਥੇ ਤੱਕ ਬਿਮਾਰੀਆਂ ਦਾ ਸੁਆਲ ਹੈ, ਬਰੈਂਪਟਨ ਦੀ 16% ਵੱਸੋਂ ਨੂੰ ਸ਼ੱਕਰ ਰੋਗ (ਸ਼ੂਗਰ) ਹੈ ਅਤੇ ਮਾਨਸਿਕ ਸਿਹਤ ਅਤੇ ਨਸ਼ਿਆਂ ਨਾਲ ਜੂਝ ਰਹੇ ਵਿਅਕਤੀਆਂ ਦੇ 2011 ਤੋਂ ਬਾਅਦ ਹਸਪਤਾਲ ਜਾ ਕੇ ਸੇਵਾਵਾਂ ਲੈਣ ਦੀ ਦਰ ਵਿੱਚ 73% ਵਾਧਾ ਹੋਇਆ ਹੈ। ਪਿਛਲੇ ਦੋ ਸਾਲਾਂ ਵਿੱਚ ਪੀਲ ਰੀਜਨ ਵਿੱਚ 236 ਵਿਅਕਤੀ ਓਪੀਓਆਇਡ (Opioid) ਕਾਰਣ ਮਰ ਚੁੱਕੇ ਹਨ। ਇਹਨਾਂ ਮਸਲਿਆਂ ਦੇ ਚੱਲਦੇ ਵੇਖਣਾ ਹੋਵੇਗਾ ਕਿ ਬਰੈਂਪਟਨ ਸਿਟੀ ਖੁਦ ਆਪਣੇ ਬੱਜਟ ਵਿੱਚ ਕਿਹੋ ਜਿਹੇ ਪ੍ਰਵਾਧਾਨ ਰੱਖੇਗਾ ਜਾਂ ਫੇਰ ਇਸਦਾ ਕੰਮ ਪ੍ਰੋਵਿੰਸ ਦੇ ਵਿਹੜੇ ਸੱਪ ਸੁੱਟਣ ਤੱਕ ਸੀਮਤ ਸੀ।

ਉਂਟੇਰੀਓ ਦੀਆਂ ਪ੍ਰੋਵਿੰਸ਼ੀਅਲ ਸਰਕਾਰਾਂ ਉੱਤੇ ਇਹ ਦੋਸ਼ ਲਗਾਤਾਰ ਲੱਗਦੇ ਰਹੇ ਹਨ (ਇਸ ਵਿੱਚ ਪਿਛਲੀਆਂ ਲਿਬਰਲ ਸਰਕਾਰ ਵੀ ਸ਼ਾਮਲ ਹਨ) ਕਿ ਬਰੈਂਪਟਨ ਵਿੱਚ ਨਵੇਂ ਪਰਵਾਸੀਆਂ ਦੀ ਸਥਾਪਤੀ ਲਈ ਕਿਸੇ ਜ਼ਿਕਰਯੋਗ ਉੱਦਮਾਂ ਨੂੰ ਫੰਡ ਨਹੀਂ ਕੀਤਾ ਜਾਂਦਾ। ਯੂਨਾਈਟਡ ਵੇਅ ਆਫ ਟੋਰਾਂਟੋ, ਜਿਸਦਾ ਅਧਿਕਾਰ ਖੇਤਰ ਹੁਣ ਪੀਲ ਰੀਜਨ ਉੱਤੇ ਵੀ ਹੈ, ਨੇ ਵੀ ਨਵੇਂ ਪਰਵਾਸੀਆਂ ਦੀ ਮਦਦ ਦੇਣ ਲਈ ਡਾਲਰ ਦੇਣੇ ਕਈ ਸਾਲ ਪਹਿਲਾਂ ਰੋਕ ਦਿੱਤੇ ਸਨ। ਬਰੈਂਪਟਨ ਨੇ ਵੀ ਆਪਣੇ ਮੰਗ ਪੱਤਰ ਵਿੱਚ ਇਸ ਮਸਲੇ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਸ਼ਾਇਦ ਇਸ ਲਈ ਕਿ ਨਵੇਂ ਆਏ ਪਰਵਾਸੀ ਕਿਹੜਾ ਵੋਟ ਬੈਂਕ ਹੁੰਦੇ ਹਨ।

## ਪਹਿਲਾਂ ਸਹਿਯੋਗੀ ਦੇਸ਼ਾਂ ਦੇ ਜਹਾਜ਼ਾਂ ਰਾਹੀਂ ਫੈਡਰਲ ਸਰਕਾਰ ਕੈਨੇਡੀਅਨਾਂ ਨੂੰ ਲਿਆਉਣਾ ਚਾਹੁੰਦੀ ਸੀ ਵੂਹਾਨ ਤੋਂ ਬਾਹਰ : ਹਾਜ਼ਦੂ

...ਪੰਨਾ 1 ਦਾ ਬਾਕੀ

ਫਿਰ ਚੀਨ ਵਿੱਚੋਂ ਬਾਹਰ ਕੱਢੇ ਜਾਣ ਵਾਲਿਆਂ ਦੀਆਂ ਗੁਜ਼ਾਰਿਸ਼ਾਂ ਦੀ ਗਿਣਤੀ 20 ਹੋ ਗਈ ਤੇ ਫਿਰ 50 ਅਤੇ ਹੁਣ ਸਾਡੇ ਕੋਲ 300 ਲੋਕਾਂ ਦੀ ਅਪੀਲ ਪਹੁੰਚ ਚੁੱਕੀ ਹੈ। ਪਰ ਇਹ ਸਾਰੀਆਂ ਅਰਜ਼ੀਆਂ ਪਿਛਲੇ ਕਈ ਦਿਨਾਂ ਵਿੱਚ ਪਹੁੰਚੀਆਂ ਹਨ।
ਹਾਜ਼ਦੂ ਨੇ ਆਖਿਆ ਕਿ 308 ਕੈਨੇਡੀਅਨ ਚੀਨ ਤੋਂ ਵਾਪਿਸ ਆਉਣਾ ਚਾਹੁੰਦੇ ਹਨ ਤੇ ਇਨ੍ਹਾਂ ਵਿੱਚੋਂ 280 ਕੋਲ ਕੈਨੇਡੀਅਨ ਪਾਸਪੋਰਟ ਹਨ। ਚਿੱਠੀ ਵਿੱਚ ਇਹ ਸਪਸ਼ਟ ਹੋ ਚੁੱਕਿਆ ਹੈ ਕਿ ਜਿਨ੍ਹਾਂ ਕੋਲ ਯੋਗ ਕੈਨੇਡੀਅਨ ਪਾਸਪੋਰਟ ਤੇ ਯੋਗ ਚੀਨੀ ਵੀਜ਼ਾ ਹੋਵੇਗਾ ਉਨ੍ਹਾਂ ਨੂੰ ਹੀ ਕੈਨੇਡਾ ਵੱਲੋਂ ਭੇਜੇ ਗਏ ਜਹਾਜ਼ ਵਿੱਚ ਲਿਆਂਦਾ ਜਾਵੇਗਾ। ਮੰਗਲਵਾਰ ਨੂੰ ਹਾਜ਼ਦੂ ਨੇ ਸਪਸ਼ਟ ਕੀਤਾ ਕਿ ਜਹਾਜ਼ ਵਿੱਚ ਸਿਰਫ 250 ਸੀਟਾਂ ਹੀ ਹਨ। ਉਨ੍ਹਾਂ ਅੱਗੇ ਆਖਿਆ ਕਿ ਚੀਨ ਤੋਂ ਪਰਤਣ ਲਈ ਕਾਹਲੇ ਲੋਕਾਂ ਦੀ ਗਿਣਤੀ ਵਿੱਚ ਦਿਨੋਂ ਦਿਨ ਵਾਧਾ ਘਾਟਾ ਹੋ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਵੂਹਾਨ, ਚੀਨ ਤੋਂ ਕੁਝ ਕੈਨੇਡੀਅਨਾਂ ਨੂੰ ਲੈ ਕੇ 6 ਫਰਵਰੀ ਨੂੰ ਜਹਾਜ਼ ਰਵਾਨਾ ਹੋਵੇਗਾ।

## ਟਰਾਂਸ ਮਾਊਨਟੇਨ ਪਾਈਪਲਾਈਨ ਦੇ ਪਸਾਰ ਨੂੰ ਦਿੱਤੀ ਚੁਣੌਤੀ ਫੈਡਰਲ ਅਦਾਲਤ ਵੱਲੋਂ ਖਾਰਜ

...ਪੰਨਾ 1 ਦਾ ਬਾਕੀ

ਕੁਦਰਤੀ ਵਸੀਲਿਆਂ ਦੇ ਵਿਕਾਸ ਬਾਰੇ ਮੰਤਰੀ ਸੀਮਸ ਓਰੀਗਨ ਨੇ ਆਖਿਆ ਕਿ ਸਰਕਾਰ ਵੱਲੋਂ ਇਸ ਫੈਸਲੇ ਦਾ ਸਵਾਗਤ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਸਰਕਾਰ ਦਾ ਇਹ ਵੀ ਮੰਨਣਾ ਹੈ ਕਿ ਜੇ ਸਲਾਹ ਮਸ਼ਵਰੇ ਤੇ ਮੁਲਾਂਕਣ ਸਹੀ ਢੰਗ ਨਾਲ ਕਰਵਾਏ ਜਾਣ ਤਾਂ ਕੈਨੇਡਾ ਵਿੱਚ ਕਈ ਵਡੇ ਪ੍ਰੋਜੈਕਟਾਂ ਦਾ ਨਿਰਮਾਣ ਹੋ ਸਕਦਾ ਹੈ। ਉਨ੍ਹਾਂ ਆਖਿਆ ਕਿ ਅਦਾਲਤ ਨੇ ਇਹ ਸਵੀਕਾਰ ਕੀਤਾ ਹੈ ਕਿ ਅਸੀਂ ਸਾਰਿਆਂ ਦੀਆਂ ਗੱਲਾਂ ਧਿਆਨ ਨਾਲ ਸੁਣੀਆਂ ਤੇ ਅਸੀਂ ਸਾਰਾ ਕੰਮ ਸਹੀ ਢੰਗ ਨਾਲ ਕਰਨਾ ਚਾਹੁੰਦੇ ਹਾਂ।
ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਨੇ ਆਖਿਆ ਕਿ ਇਹ ਪ੍ਰੋਜੈਕਟ ਕਈ ਸਾਲਾਂ ਤੋਂ ਸਖ਼ਤ ਐਨਵਾਇਰਮੈਂਟਲ ਰਿਵਿਊਜ਼ ਵਿੱਚੋਂ ਲੰਘਿਆ ਹੈ ਤੇ ਇਸ ਦੌਰਾਨ ਮੂਲਵਾਸੀ ਲੋਕਾਂ ਨਾਲ ਵੀ ਕਈ ਵਾਰੀ ਗੱਲਬਾਤ ਕੀਤੀ ਗਈ ਹੈ। ਉਨ੍ਹਾਂ ਆਖਿਆ ਕਿ ਕਈ ਫਰਸਟ ਨੇਸ਼ਨਜ਼ ਅਜਿਹੇ ਵੀ ਹਨ ਜਿਹੜੇ ਇਸ ਪ੍ਰੋਜੈਕਟ ਨੂੰ ਲੈ ਕੇ ਸਹਿਮਤ ਹਨ। ਕੇਨੀ ਨੇ ਆਖਿਆ ਕਿ ਕੈਨੇਡਾ ਲਈ ਇਹ ਮਹਾਨ ਦਿਨ ਹੈ ਕਿਉਂਕਿ ਇਸ ਫੈਸਲੇ ਤੋਂ ਇਹ ਸਾਫ ਹੁੰਦਾ ਹੈ ਕਿ ਵੱਡੀ ਗਿਣਤੀ ਮੂਲਵਾਸੀ ਗਰੁੱਪਜ਼ ਦੀ ਆਵਾਜ਼ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾਂਦਾ। ਇਸ ਤੋਂ ਪਤਾ ਲੱਗਦਾ ਹੈ ਕਿ ਸਾਡੇ ਵੀ ਕਾਨੂੰਨ ਹੀ ਸਰਬਉੱਚ ਹੈ, ਇਹ ਵੀ ਕਿ ਇਸ ਤਰ੍ਹਾਂ ਦੇ ਵੱਡੇ ਫੈਸਲੇ ਲਏ ਜਾ ਸਕਦੇ ਹਨ ਤੇ ਵੱਡੇ ਪ੍ਰੋਜੈਕਟ ਮੁਕੰਮਲ ਕੀਤੇ ਜਾ ਸਕਦੇ ਹਨ। ਕੇਨੀ ਨੇ ਅੱਗੇ ਆਖਿਆ ਕਿ ਹੁਣ ਪਾਈਪਲਾਈਨ ਬਣਾਉਣ ਦਾ ਸਮਾਂ ਆ ਗਿਆ ਹੈ। ਪਰ ਚੁਣੌਤੀ ਦੇਣ ਵਾਲੇ ਫਰਸਟ ਨੇਸ਼ਨਜ਼ ਦੇ ਆਗੂਆਂ ਨੇ ਇਸ ਫੈਸਲੇ ਉੱਤੇ ਨਿਰਾਸ਼ਾ ਪ੍ਰਗਟਾਈ।

## ਅਧਿਆਪਕਾਂ ਦੀ ਹੜਤਾਲ ਕਾਰਨ ਅੱਜ ਹਜ਼ਾਰਾਂ ਵਿਦਿਆਰਥੀ ਰਹਿਣਗੇ ਕਲਾਸਾਂ ਤੋਂ ਬਾਹਰ

...ਪੰਨਾ 1 ਦਾ ਬਾਕੀ

ਜ਼ਿਕਰਯੋਗ ਹੈ ਕਿ ਸੋਮਵਾਰ ਨੂੰ ਸਰਕਾਰ ਨਾਲ ਹੋਈ ਗੱਲਬਾਤ ਵਿੱਚ ਕੋਈ ਡੀਲ ਸਿਰੇ ਨਹੀਂ ਚੜ੍ਹ ਸਕੀ ਤੇ ਗੱਲਬਾਤ ਲਈ ਹੋਰ ਕੋਈ ਤਰੀਕ ਵੀ ਅਜੇ ਤੈਅ ਨਹੀਂ ਹੋਈ ਹੈ।
ਇਸ ਦੌਰਾਨ ਐਲੀਮੈਂਟਰੀ ਅਧਿਆਪਕ ਵੀ ਆਪਣੀ ਸਿਲਸਿਲੇਵਾਰ ਕੀਤੀ ਜਾਣ ਵਾਲੀ ਹੜਤਾਲ ਦੇ ਦੂਜੇ ਦਿਨ ਵਿੱਚ ਦਾਖਲ ਹੋ ਗਏ। ਪਿਛਲੇ ਦੋ ਹਫਤਿਆਂ ਦੇ ਮੁਕਾਬਲੇ ਇਸ ਵਾਰੀ ਰੋਜ਼ਾਨਾ ਵਧੇਰੇ ਸਕੂਲ ਬੋਰਡਜ਼ ਨੂੰ ਇਸ ਹੜਤਾਲ ਵਿੱਚ ਸ਼ਾਮਲ ਕੀਤਾ ਗਿਆ ਹੈ। ਸ਼ੁੱਕਰਵਾਰ ਨੂੰ ਐਲੀਮੈਂਟਰੀ ਟੀਚਰਜ਼ ਫੈਡਰੇਸ਼ਨ ਆਫ ਓਨਟਾਰੀਓ ਤੇ ਪ੍ਰੋਵਿੰਸ ਦਰਮਿਆਨ ਗੱਲਬਾਤ ਕਿਸੇ ਤਣ ਪੱਤਣ ਨਾ ਲੱਗਣ ਤੋਂ ਬਾਅਦ ਇਹ ਹੜਤਾਲਾਂ ਦਾ ਸਿਲਸਿਲਾ ਤੇਜ਼ ਕੀਤਾ ਗਿਆ ਹੈ। ਅੱਜ ਈਟੀਐਫਓ ਵੱਲੋਂ ਐਵਨ ਮੇਟਲੈਂਡ, ਦਰਹਾਮ, ਹੇਸਟਿੰਗਜ਼ ਪ੍ਰਿੰਸ ਐਡਵਰਡ, ਲੈਂਬਟਨ ਕੈਂਟ, ਪੀਲ, ਰੇਨਬੋਅ, ਥੇਮਜ਼ ਵੈਲੀ ਤੇ ਅੱਪਰ ਗ੍ਰੈਂਡ ਸਕੂਲ ਬੋਰਡਜ਼ ਦੇ ਨਾਲ ਨਾਲ ਕੈਂਪਬੈਲ ਚਿਲਡਰਨ ਸਕੂਲ ਅਥਾਰਟੀ ਨੂੰ ਨਿਸ਼ਾਨਾ ਬਣਾਇਆ ਜਾਵੇਗਾ। ਵੀਰਵਾਰ ਨੂੰ ਈਟੀਐਫਓ ਵੱਲੋਂ ਪ੍ਰੋਵਿੰਸ ਪੱਧਰ ਉੱਤੇ ਹੜਤਾਲ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ। ਇਸ ਦੌਰਾਨ ਹਾਈ ਸਕੂਲ ਅਧਿਆਪਕ ਲੇਕਹੈਡ, ਲੈਂਬਟਨ ਕੈਂਟ, ਥੇਮਜ਼ ਵੈਲੀ, ਵਾਟਰਲੂ ਰੀਜਨ, ਯੌਰਕ ਰੀਜਨ, ਹਾਲਟਨ ਤੇ ਕਵਾਰਥਾ ਪਾਈਨ ਰਿੱਜ ਸਕੂਲ ਬੋਰਡਜ਼ ਉੱਤੇ ਹੜਤਾਲ ਕਰਨਗੇ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਕੈਨੇਡਾ ਤੋਂ ਵਾਇਆ ਚੀਨ ਪੰਜਾਬ ਆਏ ਪਰਿਵਾਰ ਦੇ ਸੈਂਪਲ ਪੁਣੇ ਨੂੰ ਭੇਜੇ ਗਏ

ਜਲੰਧਰ, 4 ਫਰਵਰੀ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਦਹਿਸ਼ਤ ਕਾਰਨ ਕੇਂਦਰ ਸਰਕਾਰ ਸ਼ੱਕੀ ਮਰੀਜ਼ਾਂ ਦੀ ਜਾਂਚ ਪੜਤਾਲ ਦੀਆਂ ਨੀਤੀਆਂ ਪਲ-ਪਲ ਬਦਲ ਰਹੀ ਹੈ। ਚੀਨ ਰਸਤੇ ਆਉਣ ਵਾਲੇ ਲੋਕਾਂ ਰਾਹੀਂ ਵਾਇਰਸ ਆਉਣ ਦੇ ਸ਼ੱਕ ਕਾਰਨ ਇਸ ਦੀ ਜਾਂਚ ਲਈ ਕਦਮ ਚੁੱਕੇ ਜਾਣ ਲੱਗੇ ਹਨ।
ਕੈਨੇਡਾ ਤੋਂ ਵਾਇਆ ਸ਼ੰਘਾਈ ਆਉਣ ਵਾਲੇ ਲੋਹੀਆਂ ਦੇ ਇੱਕ ਪਰਵਾਰ ਨੂੰ ਵੀ ਸਿਹਤ ਵਿਭਾਗ ਦੀ ਇਸ ਜਾਂਚ ਤੋਂ ਲੰਘਣਾ ਪਿਆ ਹੈ। ਸਿਹਤ ਵਿਭਾਗ ਨੇ ਕੈਨੇਡਾ ਤੋਂ ਵਾਇਆ ਚੀਨ ਪੰਜਾਬ ਪਹੁੰਚੇ ਪਰਵਾਰ ਨੂੰ ਸਿਵਲ ਹਸਪਤਾਲ ਸੱਦ ਕੇ ਸਾਰੇ ਮੈਂਬਰਾਂ ਦੀ ਜਾਂਚ ਕੀਤੀ ਤੇ ਕੌਂਸਲਿੰਗ ਕੀਤੀ। ਫਿਰ ਟਰੋਮਾ ਸੈਂਟਰ ਵਿੱਚ ਜ਼ਿਲ੍ਹਾ ਏਪੀਡਿਮੋਲਾਜਿਸਟ ਡਾ. ਸ਼ੋਬਨਾ ਬਾਂਸਲ ਦੀ ਅਗਵਾਈ ਵਿੱਚ ਮਾਈਕ੍ਰੋ ਬਾਈਓਲਿਸਟ, ਈ ਐਨ ਟੀ ਸਮੇਤ ਡਾਕਟਰਾਂ ਦੀ ਟੀਮ ਨੇ ਪੰਜ ਸਾਲ ਦੀ ਲੜਕੀ ਸਣੇ ਪਰਵਾਰ ਦੇ ਚਾਰ ਮੈਂਬਰਾਂ ਦੇ ਸੈਂਪਲ ਲੈ ਕੇ ਪੈਕ ਕਰ ਦਿੱਤੇ। ਸਿਵਲ ਸਰਜਨ ਡਾ. ਗੁਰਿੰਦਰ ਕੌਰ ਚਾਵਲਾ ਨੇ ਦੱਸਿਆ ਕਿ ਪੰਜ ਸਾਲਾ ਲੜਕੀ ਦੀ ਸਿਹਤ ਬਿਲਕੁਲ ਠੀਕ ਹੈ। ਸਿਹਤ ਵਿਭਾਗ ਦੀਆਂ ਨੀਤੀਆਂ ਮੁਤਾਬਕ ਇਹ ਸੈਂਪਲ ਨੈਸ਼ਨਲ ਇੰਸਟੀਚਿਊਟ ਆਫ ਵਿਰੋਲਾਜੀ ਪੁਣੇ ਭੇਜੇ ਗਏ ਹਨ। ਇੱਕ ਹਫ਼ਤੇ ਵਿੱਚ ਰਿਪੋਰਟ ਆ ਜਾਵੇਗੀ। ਵਰਨਣ ਯੋਗ ਹੈ ਕਿ 29 ਜਨਵਰੀ ਨੂੰ ਬੀ ਐਮ ਨਿਊ ਬੌਰਨ ਏਡ ਚਾਈਲਡ ਕੇਅਰ ਸੈਂਟਰ ਰੰਧਾਵਾ ਹਸਪਤਾਲ 'ਚ ਲੋਹੀਆਂ ਇਲਾਕੇ ਦੀ ਪੰਜ ਸਾਲਾ ਲੜਕੀ ਨੂੰ ਪਰਵਾਰਕ ਮੈਂਬਰ ਲੈ ਕੇ ਆਏ ਸਨ। ਜਾਂਚ ਵਿੱਚ ਪਤਾ ਲੱਗਾ ਕਿ ਲੜਕੀ ਆਪਣੇ ਪਰਵਾਰ ਨਾਲ ਕੈਨੇਡਾ ਤੋਂ ਵਾਇਆ ਸ਼ੰਘਾਈ (ਚੀਨ) ਤੋਂ ਲੋਹੀਆਂ ਪਹੁੰਚੀ ਹੈ। ਉਸ ਨੂੰ ਬੁਖਾਰ, ਖੰਘ ਤੇ ਉਲਟੀਆਂ ਆ ਰਹੀਆਂ ਸਨ। ਸ਼ੱਕੀ ਮਾਮਲਾ ਹੋਣ ਕਾਰਨ ਸਿਹਤ ਵਿਭਾਗ ਨੂੰ ਸੂਚਿਤ ਕੀਤਾ ਤਾਂ ਵਿਭਾਗ ਦੀ ਟੀਮ ਨੇ ਮੌਕੇ ਦਾ ਦੌਰਾ ਕਰ ਕੇ ਡੂੰਘਾਈ ਨਾਲ ਪੜਤਾਲ ਕੀਤੀ ਸੀ। ਏਸੇ ਤਰ੍ਹਾਂ ਹਾਂਗ ਕਾਂਗ ਤੋਂ ਜਲੰਧਰ ਦੇ ਬਸਤੀ ਸ਼ੇਖ ਵਿੱਚ ਪਰਤੇ ਇੱਕ ਵਿਅਕਤੀ ਨੂੰ ਸਿਵਲ ਹਸਪਤਾਲ ਦਾਖਲ ਕਰਾਉਣ 'ਤੇ ਕੋਰੋਨਾ ਵਾਇਰਸ ਦੇ ਲੱਛਣ ਪਾਏ ਗਏ ਹਨ। ਹੁਸ਼ਿਆਰਪੁਰ ਦੇ ਇੱਕ ਮਰੀਜ਼ ਵਿੱਚ ਵੀ ਉਕਤ ਲੱਛਣ ਪਾਏ ਗਏ। ਦੋਵਾਂ ਨੂੰ ਸਿਹਤ ਵਿਭਾਗ ਨੇ ਆਪਣੀ ਨਿਗਰਾਨੀ 'ਚ ਰੱਖਿਆ ਹੋਇਆ ਹੈ।

## ਜ਼ਿੰਦਗੀ ਇੱਕ ਮਾਨਸਿਕ ਚਿੱਤਰ ਦੀ ਤਰ੍ਹਾਂ ਹੈ



ਸੁਰਜੀਤ ਸਿੰਘ ਫਲੋਰਾ

ਅੱਜ ਕਲ੍ਹ ਅਸੀਂ ਚੀਜ਼ਾਂ ਨੂੰ ਅੰਨ੍ਹੇਵਾਹ ਦੇ ਰੂਪ ਵਿੱਚ ਵੇਖਦੇ ਹਾਂ.ਵਰਤੇ ਹਾਂ , ਖਰੀਦ ਹਾਂ। ਇਸ ਤਰ੍ਹਾ ਕਈ ਚੀਜਾਂ ਨੂੰ ਦੇਖ ਕੇ ਕਈ ਤਰ੍ਹਾਂ ਦੀਆਂ ਮਨ ਵਿਚ ਕਲਪਨਾਵਾਂ ਦੀਆਂ ਧਾਰਨਾਵਾਂ ਬਣਾਉਂਦੇ ਹਾਂ। ਜਦ ਬੱਚੇ ਹੁੰਦੇ ਹਾਂ ,ਬੱਦਲ ਦੇ ਢੇਰ ਦੀਆਂ ਕਲਪਨਾਵਾਂ ਤਸਵੀਰ ਸ਼ੈਲੀਆਂ ਰਾਂਹੀ ਉਸਾਰਦੇ ਹਾਂ। ਜੋ ਸਾਡੀ ਸਿਰਫ ਇਕ ਸੋਚਣੀ ਹੀ ਹੁੰਦੀ ਹੈ।
ਪਰ ਜਦ ਅਸੀਂ ਵੱਡੇ ਹੋ ਜਾਂਦੇ ਹਾਂ ਤਾਂ ਕੀ ਅਸੀਂ ਬਾਲਗਾਂ ਵਜੋਂ ਹੁਣ ਵੀ ਉਸੇ ਤਰ੍ਹਾਂ ਦੇਖ ਸਕਦੇ ਹਾਂ? ਜਾਂ ਕੀ ਅਸੀ ਬੱਦਲਾਂ ਦੇ ਢੇਰ ਨੂੰ ਵੱਖ ਵੱਖ ਅਕਾਰ ਅਤੇ ਨਾਂ ਉਹਨਾਂ ਦੇ ਚਿੱਤਰ ਬਣਾ ਸਕਦੇ ਹਾਂ? ਹਰਗਿਜ ਨਹੀਂ! ਜਿਵੇਂ ਜਿਵੇਂ ਅਸੀਂ ਵੱਡੇ ਹੁੰਦੇ ਜਾਂਦੇ ਹਾਂ ਸਾਡੀਆਂ ਲੋੜਾ ਅਤੇ ਸਪਨੇ ਵੀ ਬਦਲ ਜਾਂਦੇ ਹਨ। ਸਾਡੇ ਮਨ ਅਤੇ ਭਾਵਨਾਵਾਂ ਅਸਲ ਵਿੱਚ ਸਿਰਫ ਬੌਧਿਕ ਸਨੈਪਸ਼ਾਟ ਹਨ ਜੋ ਅਸੀ ਆਪਣੀ ਜ਼ਿੰਦਗੀ ਨੂੰ ਆਪਣੇ ਅੰਦਰ ਰਹਿਣ ਲਈ ਬਣਾਏ ਹੋਏ ਹਨ।
ਇਸ ਬਾਰੇ ਸੋਚੋ - ਇੱਕ ਮਾਨਸਿਕ ਚਿੱਤਰ! ਇਕ ਮਨ ਦੀ ਖੂਬਸੂਰਤ ਕਲਪਨਾਂ, ਕੀ ਇਸਦਾ ਮਤਲਬ ਇਹ ਹੈ ਕਿ ਅਸੀਂ ਇਸਦਾ ਆਦਾਨ-ਪ੍ਰਦਾਨ ਕਰ ਸਕਦੇ ਹਾਂ? ਬੇਸ਼ਕ, ਪਰ ਸਾਨੂੰ ਲਾਜ਼ਮੀ ਤੌਰ 'ਤੇ ਫੈਸਲਾ ਕਰਨਾ ਚਾਹੀਦਾ ਹੈ ਕਿ ਅਸੀਂ ਇਸਦਾ ਵਪਾਰ ਕਿਸ ਤਰ੍ਹਾਂ ਕਰਨਾ ਚਾਹੁੰਦੇ ਹਾਂ. ਤੁਹਾਨੂੰ ਕੀ ਚਾਹੀਦਾ ਹੈ ਅਤੇ ਤੁਸੀਂ ਆਪਣੀ ਜੀਵਨ ਸ਼ੈਲੀ ਕਿਵੇਂ ਜਿਉਣਾ ਚਾਹੁੰਦੇ ਹੋ?
ਇਸ ਲਈ ਅਕਸਰ, ਮੈਂ ਆਪਣੇ ਦੋਸਤ ਦੇ ਚੱਕਰ ਵਿੱਚ ਉਹਨਾਂ ਨੂੰ ਪੁੱਛਦਾ ਹਾਂ, "ਉਨ੍ਹਾਂ ਨੂੰ ਕੀ ਚਾਹੀਦਾ ਹੈ?" ਇਸ ਲਈ ਅਕਸਰ, ਇਕ ਲਾਟਰੀ ਜਿੱਤਣਾ ਉਨ੍ਹਾਂ ਦੇ ਨਿੱਜੀ ਨਵੇਂ ਵਪਾਰਕ ਉੱਦਮ ਨੂੰ ਖੋਲ੍ਹਣਾ ਹੈ, ਤਾਂ ਫਿਰ ਕੀ? ਤੁਹਾਡੇ ਕੋਲ ਰਹਿਣ ਲਈ ਪੈਸਾ ਹੈ, ਸਿਰ ਤੇ ਰਹਿਣ ਲਈ ਛੱਤ ਹੈ। ਤੇ ਐਸ ਅਰਾਮ ਦੀ ਜਿੰਦਗੀ ਹੈ।
ਕੀ ਤੁਸੀ ਇਸ ਨੂੰ ਬਦਲਣ ਜਾ ਰਹੇ ਹੋ? ਕਿ ਤੁਸੀ ਕਿਵੇਂ ਮਹਿਸੂਸ ਕਰਦੇ ਹੋ ਜਾਂ ਬੈਂਕ ਵਿਚ ਵਧੇਰੇ ਪੈਸਾ ਹੈ? ਜਿਸ ਨੂੰ ਤੁਸੀਂ ਬਿਨਾ ਸੋਚੇ ਸਮਝੇ, ਅੰਨ੍ਹੇ ਵਾਹ ਲੋਟਾ ਕੇ ਖਰਾਬ ਕਰ ਰਹੇ ਹੋ। ਇਸ ਲਈ ਅਕਸਰ, ਮੈਂ ਲਾਟਰੀ ਦੇ ਜੇਤੂਆਂ ਨੂੰ ਵੀ ਦੇਖਿਆਂ ਹੈ ਜਿਨ੍ਹਾਂ ਨੇ ਕਰੋੜਾਂ ਡਾਲਰ ਜਿੱਤ ਕੇ ਫਿਰ ਨੰਗ ਨੇ ਨੰਗ ਬੈਂਕ ਖਾਤੇ ਖਾਲੀ।
ਸਾਰਾਂ ਪੈਸਾ ਲਗਜ਼ਰੀ ਕਾਰ ਜਾਂ ਇੱਕ ਵੱਡੇ ਮਹੱਲ, ਹੁਣ ਤੱਕ ਦੀਆਂ ਚੀਜ਼ਾਂ ਤੁਹਾਨੂੰ ਪ੍ਰਭਾਵਸ਼ਾਲੀ ਦੂਨੀਆਂ ਦੀ ਸੈਰ ਤੇ ਖਰਚ ਕਰ ਦਿੱਤੇ।
ਹੁਣ ਕੀ! ਇਕ ਆਪਣੇ ਆਲੇ ਦੁਆਲੇ ਨਜ਼ਰ ਮਾਰੋ ਅਤੇ ਦੇਖੋ ਕਿ ਤੁਸੀਂ ਹੁਣ ਤੱਕ ਕੀ ਪ੍ਰਾਪਤ ਕੀਤਾ ਹੈ। ਕੀ ਤੁਸੀ ਇਸ ਨਾਲ ਖੁਸ਼ ਹੋ? ਆਪਣੀਆਂ ਆਪਣੀਆਂ ਜੀਵਨ ਸ਼ੈਲੀ, ਸੰਬੰਧਾਂ, ਬੱਚਿਆਂ, ਪੇਂਟਿੰਗਾਂ ਜਾਂ ਮਾਹਰ ਦੀ ਹੋਂਦ ਆਦਿ ਨੂੰ ਵੇਖੋ ਅਤੇ ਉਹਨਾਂ ਦੀ ਜਿੰਦਗੀ ਨਾਲ ਆਪਣੀ ਜਿੰਦਗੀ ਨਾਪ ਤੋਲ ਕੇ ਵੇਖੋ, ਕੀ ਫਰਕ ਹੈ?
ਆਮ ਤੌਰ 'ਤੇ, ਤੁਸੀ ਭਾਵਨਾਤਮਕ, ਸਰੀਰਕ, ਮਾਨਸਿਕ ਅਤੇ ਆਤਮਕ ਤੌਰ ਤੇ ਕਿਵੇਂ ਮਹਿਸੂਸ ਕਰਦੇ ਹੋ? ਜੇ ਤੁਸੀ ਸਰੀਰਕ ਤੌਰ 'ਤੇ ਚੰਗੀ ਤਰ੍ਹਾਂ ਮਹਿਸੂਸ ਨਹੀਂ ਕਰ ਰਹੇ ਹੋ, ਤਾਂ ਆਪਣੇ ਡਾਕਟਰ ਅਤੇ ਥੈਰੇਪਿਸਟ ਨਾਲ ਮਿਲ ਕੇ ਇਸ ਦੀ ਜਾਂਚ ਕਰਵਾ ਸਕਦੇ ਹੋ।
ਮਾਨਸਿਕ ਤੌਰ 'ਤੇ, ਇਕ ਨਜ਼ਰ ਮਾਰੋ ਜਿਸ ਬਾਰੇ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਤੁਸੀਂ ਲਗਭਗ ਅਧਿਐਨ ਕੀਤਾ ਹੈ. ਭਾਵਨਾਤਮਕ ਅਤੇ ਰੂਹਾਨੀ ਤੌਰ ਤੇ, ਉਹ ਹੀ ਹੈ ਜਿਸਦਾ ਅਸੀਂ ਆਦਤ ਪਾਉਣ ਦੇ ਨਾਲ ਜਾਂ ਵੱਡੇ ਹੋਣ ਦੇ ਨਾਲ ਵਿਕਾਸ ਕੀਤਾ ਹੈ ਸੀ।
ਆਪਣੇ ਬਾਰੇ ਅਤੇ ਦੂਜਿਆਂ ਬਾਰੇ ਸਾਡੀ ਧਾਰਨਾ ਸਾਡੀ ਜ਼ਿੰਦਗੀ ਦੇ ਕਿਸੇ ਵਾਰੇ ਸੋਚਣੀ , ਸਾਡੀ ਕਲਪਨਾਵਾਂ, ਵਿਚਾਰਾਂ ਅਤੇ ਪਰਸਪਰ ਪ੍ਰਭਾਵ ਨਾਲ ਸਿਰਜ ਗਈ ਸੀ।
ਤਾਂ ਫਿਰ ਕੀ ਤੁਸੀ ਖੁਸ਼ ਹੋ?
ਪਰ ਫਿਰ ਵੀ ਕਿਤੇ ਨਾ ਕਿਤੇ ਜਾ ਕੇ ਮਨ ਖੁਸ਼ ਨਹੀਂ ਹੈ। ਕੋਈ ਤਾਂ ਚੀਜ਼ ਹੈ ਜੋ ਸਾਨੂੰ ਹਮੇਸਾਂ ਜ਼ਿੰਦਗੀ ਦੀ ਜੀਵਨਸ਼ੈਲੀ ਦੌਰਾਨ ਘਾਟ ਮਹਿਸੂਸ ਕਰਵਾਉਂਦੀ ਰਹਿੰਦੀ ਹੈ।
ਤੁਹਾਨੂੰ ਚਾਹੀਦਾ ਹੈ? ਕੀ ਇਹੀ ਉਹ ਚੀਜ਼ ਹੈ ਜਿਸਦੀ ਤੁਸੀਂ ਇੱਛਾ ਕੀਤੀ ਸੀ? ਜੇ ਤੁਸੀ ਇਸ ਨੂੰ ਬਦਲ ਸਕਦੇ ਹੋ, ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ?
ਤਾਂ ਫਿਰ, ਤੁਸੀ ਕਿਵੇਂ ਬਦਲਦੇ ਹੋ? ਆਪਣੇ ਆਪ ਨੂੰ ਵੇਖੋ, ਤੁਸੀ ਆਪਣੇ ਜੀਵਨ ਸ਼ੈਲੀ ਦੇ ਦੁਆਲੇ ਹੋ. ਤੁਹਾਡੀ ਜੀਵਨਸ਼ੈਲੀ ਤੁਹਾਡੇ ਰਹਿਣ, ਕਰਨ, ਬਦਲਣ, ਆਦਰ ਕਰਨ ਅਤੇ ਵਿਸ਼ਵਾਸ਼ ਕਰਨ ਦੁਆਰਾ ਬਣਾਈ ਜਾ ਸਕਦੀ ਹੈ. ਜੇ ਤੁਹਾਡੇ ਕੋਲ 4 ਉਦੇਸ਼ ਹਨ ਜਿਹਨਾਂ ਨੂੰ ਤੁਸੀਂ ਹਰਹਾਲ ਵਿਚ ਪ੍ਰਾਪਤ ਕਰਨਾ ਚਾਹੁੰਦੇ ਹੋ। ਉਹ ਕੀ ਹੋਣਗੀਆਂ? ਸਿਹਤ ਇੱਕ ਸ਼ਾਨਦਾਰ ਸ਼ੁਰੂਆਤ ਹੈ. ਇਸ ਤੋਂ ਬਿਨਾਂ, ਸਾਡੀ ਜ਼ਰੂਰਤ ਅਨੁਸਾਰ ਫਲ ਹੋ ਸਕਦੇ ਹਨ; ਹਾਲਾਂਕਿ, ਇਹ ਮਾਇਨੇ ਨਹੀਂ ਰੱਖਦੇ ਖੁਸ਼ਹਾਲੀ ਉਸ ਚੀਜ਼ ਦਾ ਭੁਗਤਾਨ ਕਰਨ ਲਈ ਕਾਫ਼ੀ ਹੈ ਜੋ ਸਾਨੂੰ ਚਾਹੀਦੀ ਹੈ ਜਾਂ ਚਾਹੁੰਦੇ ਹੋ. ਜੇ ਤੁਹਾਡੀ ਪਲੇਟ 'ਤੇ ਖਾਣਾ ਹੈ, ਤੁਹਾਡੇ ਸਿਰ' ਤੇ ਇਕ ਛੱਤ ਹੈ, ਅਤੇ ਸੌਣ ਮਕਾਨ ਹੈ - ਸਮਝੋ ਇਸ ਧਰਤੀ ਦੇ ਜ਼ਿਆਦਾਤਰ ਮਨੁੱਖਾਂ ਕੋਲ ਇਸ ਤੋਂ ਵੱਧ ਕੁਝ ਵੀ ਨਹੀ ਹੈ
ਸੁਰੱਖਿਅਤ ਪਨਾਹ - ਇਹ ਕਿੰਨਾ ਕੀਮਤੀ ਹੈ? ਸੁਰੱਖਿਅਤ ਦਾ ਤਜਰਬਾ ਕਰਨਾ ਸਾਡੀ ਜ਼ਿੰਦਗੀ ਦੇ ਹਰ ਮਿੰਟ ਵਿਚ ਉਸੇ ਸਮੇਂ ਤੋਂ ਹੈ ਜਦੋਂ ਅਸੀਂ ਹੁਣ ਤੱਕ ਸਾਹ ਲੈਣਾ ਸ਼ੁਰੂ ਕੀਤਾ ਹੈ. ਕੀ ਅਸੀਂ ਸਾਰੇ ਉਸ ਦੀ ਭਾਲ ਨਹੀ ਕਰਦੇ? ਹੁਣ ਤੱਕ, ਕੀ ਤੁਸੀ ਇਸ ਬਾਰੇ ਕੋਈ ਫੈਸਲਾ ਲਿਆ ਹੈ ਕਿ ਤੁਸੀ ਕੀ ਚਾਹੁੰਦੇ ਹੋ?
ਸਭ ਕੁਝ ਜੋ ਮੈਂ ਇੱਥੇ ਕਿਹਾ ਹੈ ਨੂੰ ਧਿਆਨ ਵਿੱਚ ਰੱਖਦੇ ਹੋਏ, ਤੁਹਾਨੂੰ ਸਭ ਤੋਂ ਮੁਸ਼ਕਿਲ ਕਿਸ ਚੀਜ਼ ਦੀ ਆਈ ਹੈ? ਕੈਨੇਡਾ ਡੇਅ ਬਤੀਤ ਹੋ ਗਿਆ ਹੈ, ਅਤੇ ਮੈਂ ਸਾਰਿਆਂ ਨੂੰ ਪੁੱਛਿਆ ਕਿ ਉਨ੍ਹਾਂ ਨੇ ਉਸ ਦਿਨ ਕਿਵੇਂ ਮਹਿਸੂਸ ਕੀਤਾ. ਸ਼ਾਨਦਾਰ, ਆਪਣੇ ਪਰਿਵਾਰਕ ਇਕੱਠ, ਬਾਰਬੇਕਿਊ, ਪਰੇਡ, ਆਤਿਸ਼ਬਾਜੀ - ਇੱਥੇ ਬਹੁਤ ਸਾਰੇ ਮਨੋਰੰਜਨ ਨਾਲ ਕੈਨੇਡਾ ਦੇ ਜਨਮਦਿਨ ਨੂੰ ਮਨਾਇਆ. ਕੀ ਇਹ ਭਿਆਨਕ ਨਹੀ ਹੋਵੇਗਾ ਜੇ ਅਸੀ ਹਰ ਰੋਜ਼ ਇਸ ਤਰ੍ਹਾਂ ਅਨੁਭਵ ਕਰਦੇ ਹਾਂ? ਜ਼ਿੰਦਗੀ ਦਾ ਜਸ਼ਨ ਮਨਾਉਣਾ, ਰਿਸ਼ਤੇਦਾਰਾਂ ਦਾ ਇਕ ਚੱਕਰ ਅਤੇ ਸਾਡੇ ਆਲੇ-ਦੁਆਲੇ ਦਾ ਅਖਾੜਾ - ਫੇਮਲੀ ਦਿਵਸ ਆ ਰਿਹਾ ਹੈ 17 ਫਰਵਰੀ, ਫਿਰ ਅਸੀ ਇਕੱਠੇ ਹੋਵਾਂਗੇ ਅਤੇ ਆਪਣੇ ਚਹੇਤਿਆਂ ਨਾਲ ਮਿਲ ਬੈਠੋਗੇ।
ਲੋਕੀ ਬਹੁਤ ਸਾਰਿਆਂ ਗੱਲਾਂ ਕਰਨਗੇ। ਤੁਹਾਡੇ ਖਰਚੇ , ਸਪਨੇ ਤੂਹਾਨੂੰ ਤੰਗ ਕਰਦੇ ਰਹਿਣਗੇ।
ਜਿੰਦਗੀ ਨੂੰ ਜਿਉਣ ਲਈ ਇਹ ਸਭ ਚੀਜਾਂ ਤੋਂ ਪਰੇ ਹਟ ਕੇ ਜ਼ਿੰਦਗੀ ਦਾ ਲੋਤਫ ਲੈਣਾ ਚਾਹਿੰਦਾ ਹੈ।
ਤੁਹਾਨੂੰ ਇਸ ਨੂੰ ਆਪਣੀ ਜੀਵਨ ਸ਼ੈਲੀ ਦਾ ਕੇਂਦਰ ਬਿੰਦੂ ਬਣਾਉਣਾ ਚਾਹੀਦਾ ਹੈ. ਕੋਈ ਵੀ ਤੁਹਾਨੂੰ ਉਦੋਂ ਤਕ ਨਹੀ ਰੋਕ ਸਕਦਾ ਜਦੋਂ ਤੱਕ ਤੁਸੀ ਇਸ ਦੀ ਆਗਿਆ ਨਹੀ ਦਿੰਦੇ. ਦੂਸਰੇ ਕੀ ਸੋਚਦੇ ਹਨ ਉਹ ਉਹੀ ਵਿਸ਼ਵਾਸ ਕਰਦੇ ਹਨ. ਇਸ ਨੂੰ ਦਿਲ ਤੇ ਨਾ ਲਗਾਉ । ਮੁਸਕਰਾਓ, ਹੱਸੋ, ਅਨੰਦ ਲਓ - ਇਹ ਉਹ ਚੀਜ਼ਾਂ ਹਨ ਜੋ ਤੁਹਾਨੂੰ ਆਪਣੀ ਹੋਂਦ 'ਤੇ ਕੇਂਦ੍ਰਤ ਕਰਨੀਆਂ ਚਾਹੀਦੀਆਂ ਹਨ। ਇਹ ਹੀ ਅਸਲ ਜ਼ਿੰਦਗੀ ਦਾ ਮਜਾਂ, ਅਨੰਦ ਅਤੇ ਜੀਵਨਸੈਲੀ ਹੈ ਜਿਸ ਦਾ ਸਭ ਤੇ ਮਨੁਖੀ ਅਧਿਕਾਰ ਹੈ।




Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਸਫਾਈ ਪ੍ਰਤੀ ਸੋਚ ਤੇ ਪਹੁੰਚ ਬਦਲਣ ਦੀ ਲੋੜ

-ਪ੍ਰੋ. ਅੱਛਰੂ ਸਿੰਘ

ਭਾਰਤ ਵਾਸੀ ਸਫਾਈ ਪੱਖੋਂ ਕਾਫੀ ਪਛੜੇ ਹੋਏ ਹਨ। ਅੱਜ ਸਫਾਈ ਸਾਡੀ ਬੁਨਿਆਦੀ ਲੋੜ ਹੈ। 'ਸਵੱਛ ਭਾਰਤ ਅਭਿਆਨ' ਦਾ ਨਾਅਰਾ ਅਹਿਮ ਅਤੇ ਸਮੇਂ ਦੇ ਅਨੁਕੂਲ ਹੈ। ਇਸ ਨਾਅਰੇ ਨੂੰ ਸਾਰਥਿਕ ਬਣਾਉਣ ਲਈ ਕੁਝ ਸੁਝਾਅ ਹਨ, ਜਿਨ੍ਹਾਂ 'ਤੇ ਅਮਲ ਕਰਨਾ ਚਾਹੀਦਾ ਹੈ। ਹਰ ਨਿੱਜੀ ਅਤੇ ਜਨਤਕ ਅਦਾਰੇ ਦੇ ਅੰਦਰ ਅਤੇ ਬਾਹਰ ਲੋੜ ਅਨੁਸਾਰ ਕੂੜਾਦਾਨ ਰੱਖੇ ਜਾਣ ਅਤੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਉਥੇ ਕੰਮ ਕਰਨ ਵਾਲਾ ਕੋਈ ਵਿਅਕਤੀ ਕੁਝ ਵੀ ਕੂੜਾਦਾਨ ਤੋਂ ਬਾਹਰ ਨਾ ਸੁੱਟੇ। ਇਸੇ ਤਰ੍ਹਾਂ ਖਾਣ ਪੀਣ ਦੀਆਂ ਵਸਤਾਂ ਦਾ ਕਾਰੋਬਾਰ ਕਰਦੀ ਹਰ ਦੁਕਾਨ, ਰੇਹੜੀ ਆਦਿ ਦੇ ਮਾਲਕ/ ਚਾਲਕ ਦੀ ਇਹ ਕਾਨੂੰਨ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ ਕਿ ਉਹ ਆਪਣੇ ਕਾਰੋਬਾਰੀ ਸਥਾਨ ਉੱਤੇ ਲੋੜ ਅਨੁਸਾਰ ਉਚਿਤ ਗਿਣਤੀ ਵਿੱਚ ਕੂੜੇਦਾਨਾਂ ਦਾ ਪ੍ਰਬੰਧ ਕਰੇ। ਹਰ ਬੱਸ ਅਤੇ ਗੱਡੀ ਦੇ ਡੱਬੇ ਵਿੱਚ ਇਕ ਕੂੜਾਦਾਨ ਰੱਖਿਆ ਜਾਵੇ। ਸਫਰ ਕਰਦੇ ਮੁਸਾਫਰਾਂ ਨੂੰ ਸਮਝਾਇਆ ਜਾਵੇ ਕਿ ਕੁਝ ਖਾਣ ਪੀਣ ਤੋਂ ਬਾਅਦ ਉਹ ਕੂੜਾਦਾਨ ਵਿੱਚ ਸੁੱਟਣ। ਇਸੇ ਤਰ੍ਹਾਂ ਪ੍ਰਾਈਵੇਟ ਵਾਹਨਾਂ ਵਾਲਿਆਂ ਨੂੰ ਵੀ ਆਪਣਾ ਸੁੱਟਣ ਯੋਗ ਸਾਮਾਨ ਸੜਕ 'ਤੇ ਇਧਰ ਉਧਰ ਸੁੱਟਣ ਦੀ ਥਾਂ ਕਿਸੇ ਲਿਫਾਫੇ ਆਦਿ ਵਿੱਚ ਸਾਂਭਣਾ ਤੇ ਜਦੋਂ ਕੋਈ ਕੂੜਾਦਾਨ ਦਿਖਾਈ ਦੇਵੇ, ਉਸ ਵਿੱਚ ਸੁੱਟਣਾ ਚਾਹੀਦਾ ਹੈ।

ਵਿਦੇਸ਼ਾਂ ਵਾਂਗ ਹਰ ਘਰ ਵਿੱਚ ਦੋ ਕੂੜਾਦਾਨ ਰੱਖੇ ਜਾਣ, ਇਕ ਗਲਣ ਯੋਗ ਕੂੜੇ ਲਈ, ਜਿਸ ਵਿੱਚ ਸਬਜ਼ੀਆਂ/ ਫਲਾਂ ਦੇ ਛਿੱਲੜ ਜਾਂ ਬਾਸੇ/ ਬੇਕਾਰ ਖੁਰਾਕੀ ਪਦਾਰਥ ਸੁੱਟੇ ਜਾਣ, ਦੂਜਾ ਨਾ ਗਲਣ ਯੋਗ ਅਰਥਾਤ ਮੁੜ ਵਰਤਣ ਯੋਗ ਜਾਂ ਠੋਸ ਕੂੜੇ ਲਈ, ਜਿਸ ਵਿੱਚ ਪਲਾਸਟਿਕ ਦੇ ਲਿਫਾਫੇ ਤੇ ਇਸ ਤੋਂ ਬਣੀਆਂ ਹੋਰ ਵਸਤਾਂ, ਸ਼ੀਸ਼ੇ ਦਾ ਸਾਮਾਨ, ਧਾਤ ਦੀਆਂ ਵਸਤਾਂ ਆਦਿ ਸੁੱਟੀਆਂ ਜਾਣ। ਘਰ ਵਾਲੇ ਹਰ ਵਾਧੂ/ ਬੇਕਾਰ ਵਸਤੂ ਨੂੰ ਉਸ ਦੀ ਕਿਸਮ ਅਨੁਸਾਰ ਕੂੜੇਦਾਨ ਵਿੱਚ ਸੁੱਟਣ ਅਤੇ ਨਗਰ ਪਾਲਿਕਾ/ ਪੰਚਾਇਤ ਦੇ ਮੁਲਾਜ਼ਮ ਦੋਵੇਂ ਪ੍ਰਕਾਰ ਦੇ ਕੂੜੇ ਨੂੰ ਨਿਪਟਾਰੇ ਲਈ ਵੱਖ-ਵੱਖ ਲੈ ਕੇ ਜਾਣ। ਜਨਤਕ ਥਾਵਾਂ ਉੱਤੇ ਵੀ ਲੋੜ ਅਨੁਸਾਰ ਦੋ-ਦੋ ਕੂੜਾਦਾਨ ਰੱਖੇ ਜਾਣ। ਇਹ ਕੂੜਾਦਾਨ ਜਨਤਕ ਪਾਰਕਾਂ, ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ, ਸਰਕਾਰੀ ਦਫਤਰਾਂ ਅਤੇ ਵਿੱਦਿਅਕ ਅਦਾਰਿਆਂ ਅੱਗੇ ਆਮ ਰੱਖੇ ਹੋਏ ਨਜ਼ਰ ਆਉਣ।



ਗਲੀਆਂ ਮੁਹੱਲਿਆਂ ਵਿੱਚ ਖਾਲੀ ਪਏ ਪਲਾਟ ਗੁਆਂਢੀਆਂ ਵੱਲੋਂ ਅਕਸਰ ਕੂੜਾ ਸੁੱਟਣ ਲਈ ਵਰਤੇ ਜਾਂਦੇ ਹਨ। ਇਨ੍ਹਾਂ ਪਲਾਟਾਂ ਵਿੱਚ ਉਗੇ ਜੰਗਲੀ ਪੇੜ ਪੌਦੇ ਤੇ ਝਾੜੀਆਂ ਕਿੰਨੇ ਹੀ ਗੰਦਗੀ ਤੇ ਬਿਮਾਰੀਆਂ ਫੈਲਾਉਣ ਵਾਲੇ ਜਾਨਵਰਾਂ ਦੀ ਛੁਪਣਗਾਹ ਬਣਦੇ ਹਨ। ਹਰ ਪਲਾਟ ਦੇ ਮਾਲਕ ਲਈ ਆਪਣੇ ਪਲਾਟ ਦੀ ਉਚਿਤ ਸੰਭਾਲ ਅਤੇ ਨਿਯਮਿਤ ਸਫਾਈ ਜ਼ਰੂਰੀ ਹੋਣੀ ਚਾਹੀਦੀ ਹੈ। ਜੋ ਵੀ ਵਿਅਕਤੀ ਕੁਤਾਹੀ ਕਰੇ, ਉਸ ਨੂੰ ਕਾਨੂੰਨ ਅਨੁਸਾਰ ਯੋਗ ਸਜ਼ਾ ਦਿੱਤੀ ਜਾਵੇ। ਇਸ ਤਰ੍ਹਾਂ ਆਵਾਰਾ ਕੁੱਤੇ ਤੇ ਗਲੀਆਂ ਵਿੱਚ ਇਧਰ ਉਧਰ ਫਿਰਦੇ ਪਸ਼ੂ ਗਲੀ ਮੁਹੱਲੇ ਵਿੱਚ ਗੰਦਗੀ ਦਾ ਕਾਰਨ ਬਣਦੇ ਹਨ। ਇਨ੍ਹਾਂ ਦਾ ਪੱਕਾ ਪ੍ਰਬੰਧ ਕੀਤਾ ਜਾਵੇ। ਸਫਾਈ ਕਾਮਿਆਂ ਤੇ ਅਫਸਰਾਂ ਨੂੰ ਡਿਊਟੀ ਪ੍ਰਤੀ ਜਾਗਰੂਕ ਹੋਣ ਦੀ ਲੋੜ ਹੈ।

ਭਾਰਤੀ ਲੋਕਾਂ ਦਾ ਇਕ ਵੱਡਾ ਵਰਗ ਹਾਲੇ ਤੱਕ ਖੁੱਲ੍ਹੇ ਵਿੱਚ ਹਾਜ਼ਤ ਦੀ ਨਵਿਰਤੀ ਕਰਦਾ ਹੈ ਜਿਸ ਨੂੰ ਰੋਕਣ ਲਈ ਵੱਡੀ ਸੰਖਿਆ ਵਿੱਚ ਜਨਤਕ ਪਖਾਨੇ ਬਣਾਉਣ ਦੀ ਲੋੜ ਹੈ। ਰੇਲ ਗੱਡੀਆਂ ਵਿੱਚ ਬਣੇ ਖੁੱਲ੍ਹੇ ਪਖਾਨਿਆਂ ਨੂੰ ਵੀ ਜਹਾਜ਼ਾਂ ਵਿੱਚ ਬਣੇ ਬੰਦ ਪਖਾਨਿਆਂ ਦਾ ਰੂਪ ਦਿੱਤਾ ਜਾਵੇ। ਇਸੇ ਤਰ੍ਹਾਂ ਪਿੰਡਾਂ ਤੇ ਸ਼ਹਿਰਾਂ ਵਿੱਚ ਗੰਦੇ ਪਾਣੀ ਦੇ ਨਿਕਾਸ ਲਈ ਬਣੀਆਂ ਖੁੱਲ੍ਹੀਆਂ ਨਾਲੀਆਂ ਤੇ ਨਾਲੇ ਵੀ ਗੰਦਗੀ ਤੇ ਪ੍ਰਦੂਸ਼ਣ ਦਾ ਕਾਰਨ ਬਣਦੇ ਹਨ। ਇਸ ਸਮੱਸਿਆ ਦਾ ਕੋਈ ਸਥਾਈ ਹੱਲ ਕੱਢਣ ਦੀ ਲੋੜ ਹੈ। ਇਨ੍ਹਾਂ ਨਾਲੀਆਂ ਅਤੇ ਸੀਵਰੇਜ ਦੀਆਂ ਪਾਈਪਾਂ ਵਿੱਚ ਜਦੋਂ ਪਲਾਸਟਿਕ ਦੇ ਲਿਫਾਫੇ ਸੁੱਟ ਦਿੱਤੇ ਜਾਂਦੇ ਹਨ ਤਾਂ ਉਨ੍ਹਾਂ ਵਿੱਚ ਪਾਣੀ ਦਾ ਵਹਾਅ ਰੁਕ ਜਾਂਦਾ ਹੈ। ਇਨ੍ਹਾਂ ਲਿਫਾਫਿਆਂ 'ਤੇ ਸਰਕਾਰ ਨੂੰ ਪੂਰਨ ਪਾਬੰਦੀ ਲਾਉਣੀ ਚਾਹੀਦੀ ਹੈ ਜਾਂ ਇਨ੍ਹਾਂ ਦੇ ਨਿਪਟਾਰੇ ਦਾ ਯੋਗ ਪ੍ਰਬੰਧ ਕਰਨਾ ਚਾਹੀਦਾ ਹੈ।

ਸਭ ਤੋਂ ਮਹੱਤਵ ਪੂਰਨ ਕਦਮ ਹੈ ਲੋਕਾਂ ਦੀ ਸੋਚ ਅਤੇ ਪਹੁੰਚ ਨੂੰ ਬਦਲਣਾ ਤਾਂ ਜੋ ਉਹ ਆਪਣੇ ਘਰ, ਆਲੇ ਦੁਆਲੇ ਅਤੇ ਜਨਤਕ ਸਥਾਨਾਂ ਦੀ ਸਫਾਈ ਨੂੰ ਆਪਣੀ ਜੀਵਨ ਜਾਚ ਦਾ ਹਿੱਸਾ ਸਮਝਣ। ਗਲੀ ਬਾਜ਼ਾਰ ਜਾਂ ਕਿਸੇ ਵੀ ਜਨਤਕ ਸਥਾਨ 'ਤੇ ਕੂੜਾ ਜਾਂ ਕਚਰਾ ਸੁੱਟਣ ਤੋਂ ਪਹਿਲਾਂ ਉਹ ਹਜ਼ਾਰ ਵਾਰ ਸੋਚਣ ਲਈ ਮਜਬੂਰ ਹੋਣ। ਇਸ ਉਦੇਸ਼ ਲਈ ਹਰ ਉਮਰ ਅਤੇ ਹਰ ਵਰਗ ਦੇ ਲੋਕਾਂ ਨੂੰ ਸਿੱਖਿਅਤ ਕਰਨਾ ਚਾਹੀਦਾ ਹੈ।

ਸਫਾਈ ਮੁਹਿੰਮ ਨੂੰ ਲੋਕ ਮੁਹਿੰਮ ਦਾ ਰੂਪ ਦੇਣ ਲਈ ਸਾਡੇ ਧਾਰਮਿਕ ਆਗੂਆਂ ਅਤੇ ਸਮਾਜ ਸੇਵੀ ਜਥੇਬੰਦੀਆਂ ਨੂੰ ਵੀ ਅੱਗੇ ਆਉਣ ਦੀ ਲੋੜ ਹੈ। ਹਰ ਧਰਮ ਦੇ ਆਗੂ ਆਪਣੇ ਧਰਮ ਦੇ ਸਾਰੇ ਪੈਰੋਕਾਰਾਂ ਨੂੰ ਸਫਾਈ ਸਬੰਧੀ ਲੋੜੀਂਦੇ ਦਿਸ਼ਾ ਨਿਰਦੇਸ਼ ਵੀ ਜਾਰੀ ਕਰਨ ਅਤੇ ਕਾਲੀ ਵੇਈਂ ਦੀ ਸਫਾਈ ਕਰਨ ਵਾਲੇ ਬਾਬਾ ਬਲਬੀਰ ਸਿੰਘ ਸੀਚੇਵਾਲ ਵਾਂਗ ਮਿਸਾਲ ਵੀ ਬਣਨ। ਸਮਾਜ ਸੇਵੀ ਜਥੇਬੰਦੀਆਂ ਲੋਕਾਂ ਨੂੰ ਸਿੱਖਿਅਤ ਕਰਨ ਵਿੱਚ ਆਪਣੀ ਭੂਮਿਕਾ ਨਿਭਾਉਣ। ਸਕੂਲਾਂ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਅਧਿਆਪਕ ਵਿਦਿਆਰਥੀਆਂ ਨੂੰ ਸਫਾਈ ਪ੍ਰਤੀ ਇਸ ਤਰ੍ਹਾਂ ਜਾਗਰੂਕ ਕਰਨ ਕਿ ਉਹ ਜੀਵਨ ਭਰ ਇਸ ਦਾ ਪੱਲਾ ਨਾ ਛੱਡਣ। ਸਾਡੇ ਸਮਾਜਿਕ, ਧਾਰਮਿਕ ਤੇ ਸੱਭਿਆਚਾਰਕ ਸਮਾਗਮਾਂ ਅਤੇ ਮੇਲਿਆਂ ਤੇ ਤਿਉਹਾਰਾਂ ਆਦਿ ਮੌਕੇ ਵੀ ਬਹੁਤ ਕੂੜਾ ਫੈਲਦਾ ਹੈ। ਇਸ ਪਾਸੇ ਵੱਲ ਧਿਆਨ ਦੇਣ ਦੀ ਲੋੜ ਹੈ। ਇਤਿਹਾਸਕ ਅਤੇ ਧਾਰਮਿਕ ਸਥਾਨਾਂ 'ਤੇ ਵੀ ਸਫਾਈ ਦਾ ਮੰਦਾ ਹਾਲ ਹੈ, ਜਿਸ ਲਈ ਵਧੇਰੇ ਕਰਕੇ ਉਥੇ ਆਉਣ ਵਾਲੇ ਸੈਲਾਨੀ ਅਤੇ ਸ਼ਰਧਾਲੂ ਜ਼ਿੰਮੇਵਾਰ ਹੁੰਦੇ ਹਨ। ਉਨ੍ਹਾਂ ਨੂੰ ਵੀ ਸਫਾਈ ਦਾ ਸਬਕ ਪੜ੍ਹਾਇਆ ਜਾਣਾ ਜ਼ਰੂਰੀ ਹੈ।

ਸਰਕਾਰ ਨੂੰ ਪਿੰਡਾਂ/ ਸ਼ਹਿਰਾਂ ਵਿੱਚੋਂ ਕੂੜਾ ਕਰਕਟ ਇਕੱਠਾ ਕਰਨ ਤੇ ਉਸ ਦਾ ਉਚਿਤ ਨਿਪਟਾਰਾ ਕਰਨ ਲਈ ਠੋਸ ਨੀਤੀ ਤਿਆਰ ਕਰਨੀ ਚਾਹੀਦੀ ਹੈ। ਯੂਰਪ ਅਤੇ ਪੱਛਮੀ ਦੇਸ਼ਾਂ ਵਿੱਚ ਪੂਰਨ ਸਫਾਈ ਵਾਲਾ ਮਾਹੌਲ ਹੈ। ਛੋਟੇ ਬੱਚੇ ਤੋਂ ਲੈ ਕੇ ਨੌਜਵਾਨ ਤੇ ਬੁੱਢੇ ਵਿਅਕਤੀ ਤੱਕ ਸਫਾਈ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹਨ ਅਤੇ ਜਿਸ ਤਰ੍ਹਾਂ ਕੋਈ ਵਿਅਕਤੀ ਆਪਣੇ ਘਰ ਅੰਦਰ ਗੰਦ ਨਹੀਂ ਖਿਲਾਰਦਾ, ਬਿਲਕੁਲ ਉਸੇ ਤਰ੍ਹਾਂ ਘਰ ਤੋਂ ਬਾਹਰ ਵੀ ਕਿਸੇ ਤਰ੍ਹਾਂ ਦਾ ਕੂੜਾ ਨਹੀਂ ਸੁੱਟਦਾ। ਕਾਰਗਰ ਸਫਾਈ ਨੀਤੀ ਅਪਣਾ ਕੇ ਅਸੀਂ ਆਪਣੇ ਦੇਸ਼ ਨੂੰ ਇਕ ਸਫਾਈ ਪਸੰਦ ਦੇਸ਼ ਵਜੋਂ ਉਭਾਰ ਸਕਦੇ ਹਾਂ, ਬਸ਼ਰਤੇ ਸਰਕਾਰ ਅਤੇ ਲੋਕ ਇਹ ਠਾਣ ਲੈਣ ਕਿ ਉਨ੍ਹਾਂ ਨੇ ਇਸ ਤਰ੍ਹਾਂ ਕਰਨਾ ਹੈ।

# ਕਿਸਾਨਾਂ ਨੂੰ ਸਮਾਜ ਦਾ ਸਾਥ ਮਿਲਣਾ ਵੀ ਜ਼ਰੂਰੀ

-ਰਿਤੂਪਰਣਾ ਦਵੇ

ਕੀ ਕਿਸਾਨ ਮਜਬੂਰ ਹੈ ਅਤੇ ਖੇਤੀ ਉਸ ਦੀ ਮਜਬੂਰੀ। ਇਹ ਸਵਾਲ ਆਉਣ ਵਾਲੇ ਦਿਨਾਂ ਵਿੱਚ ਬਹੁਤ ਅਹਿਮ ਹੋਵੇਗਾ। ਫਿਲਹਾਲ ਪੂਰੇ ਦੇਸ਼ ਵਿੱਚ ਕਿਸਾਨ ਮਜ਼ਾਕ ਦੇ ਵਿਸ਼ੇ ਤੋਂ ਜ਼ਿਆਦਾ ਕੁਝ ਨਹੀਂ। ਸਮੇਂ ਨਾਲ ਬਦਲੇ ਸਮਾਜਕ ਮਾਹੌਲ ਵਿੱਚ ਜਿੱਥੇ ਕਿਸਾਨਾਂ ਦੀ ਸਥਿਤੀ ਤਰਸਯੋਗ ਹੁੰਦੀ ਜਾ ਰਹੀ ਹੈ, ਉਥੇ ਸਰਕਾਰੀ ਅਣਡਿੱਠਤਾ ਕਾਰਨ ਕਿਸਾਨ ਖੁਦ ਨੂੰ ਖੇਤੀਬਾੜੀ ਤੋਂ ਦੂਰ ਕਰਦੇ ਜਾ ਰਹੇ ਹਨ। ਇਹ ਇੱਕ ਚਿੰਤਾਜਨਕ ਵਿਸ਼ਾ ਹੈ।

ਜਿੱਥੇ ਖੇਤੀਬਾੜੀ ਦਾ ਘਟਦਾ ਰਕਬਾ ਇੱਕ ਵੱਡਾ ਸਵਾਲ ਹੈ, ਉਥੇ ਵਧਦੀ ਲਾਗਤ ਤੇ ਫਸਲ ਦੀ ਘਟਦੀ ਕੀਮਤ ਕਾਰਨ ਬਦਹਾਲ ਕਿਸਾਨ ਹੈਰਾਨ ਪ੍ਰੇਸ਼ਾਨ ਹੈ। ਹਾਲਾਤ ਕੁਝ ਅਜਿਹੇ ਹਨ ਕਿ ਖੁਦ ਨੂੰ ਖਤਰੇ ਵਿੱਚ ਦੇਖ ਕੇ ਕਿਸਾਨ ਖੁਦਕੁਸ਼ੀ ਦਾ ਰਾਹ ਅਪਣਾ ਕੇ ਮੁਕਤੀ ਪਾਉਣੀ ਚਾਹੁੰਦਾ ਹੈ।

ਅਜਿਹਾ ਲੱਗਦਾ ਹੈ ਕਿ ਕਿਸਾਨ ਕਿਤੇ ਸਿਆ-ਸਤ ਦਾ ਸ਼ਿਕਾਰ ਹੈ ਤਾਂ ਕਿਤੇ ਸਰਕਾਰੀ ਲਾਪਰਵਾਹੀ ਕਾਰਨ ਖੁਦਕੁਸ਼ੀ ਵਰਗੇ ਘਾਤਕ ਫੈਸਲੇ ਲੈਣ ਲਈ ਮਜਬੂਰ ਹੈ, ਪਰ ਖਾਸ ਸਵਾਲ ਇਹੋ ਹੈ ਕਿ ਦੁਨੀਆ ਦੀ ਦੂਜੀ ਸਭ ਤੋਂ ਵੱਡੀ ਆਬਾਦੀ ਵਾਲਾ ਦੇਸ਼ ਜੇ ਖੇਤੀ ਤੋਂ ਮੂੰਹ ਮੋੜ ਲਵੇਗਾ ਤਾਂ ਭਾਰਤ ਦਾ ਢਿੱਡ ਕੌਣ ਭਰੇਗਾ?

ਅੱਜ ਜਿੱਥੇ ਨਵੀਂ ਪੀੜ੍ਹੀ ਖੇਤੀ ਦੀ ਬਜਾਏ ਸ਼ਹਿਰਾਂ ਵੱਲ ਰੁਖ਼ ਕਰ ਕੇ ਮਜ਼ਦੂਰੀ ਨੂੰ ਬਿਹਤਰ ਮੰਨਣ ਲੱਗੀ ਹੈ, ਉਥੇ ਹੀ ਜ਼ਮੀਨ ਦੇ ਮੋਹ ਵਿੱਚ ਫਸਿਆ ਲਾਚਾਰ ਕਿਸਾਨ ਕਦੇ ਬਰਸਾਤ ਤਾਂ ਕਦੇ ਸੋਕੇ ਦੀ ਮਾਰ ਝੱਲ ਰਿਹਾ ਹੈ। ਕਦੇ ਭਰਪੂਰ ਫਸਲ ਹੋਣ 'ਤੇ ਢੁਕਵੀਂ ਕੀਮਤ ਨਾ ਮਿਲਣ ਤਤੇ ਪੁਰਾਣਾ ਕਰਜ਼ਾ ਨਾ ਮੋੜ ਸਕਣ ਕਾਰਨ ਘਬਰਾ ਕੇ ਕਿਸਾਨ ਖੁਦਕੁਸ਼ੀ ਨੂੰ ਹੀ ਸੌਖਾ ਰਾਹ ਮੰਨ ਰਿਹਾ ਹੈ। ਭਾਰਤੀ ਕਿਸਾਨ ਦੀ ਇਹ ਬਹੁਤ ਵੱਡੀ ਤ੍ਰਾਸਦੀ ਹੈ। ਕਿਸਾਨਾਂ ਦੇ ਨਾਂਅ 'ਤੇ ਸਿਆ-ਸਤਦਾਨ ਸਿਆਸੀ ਰੋਟੀਆਂ ਸੇਕ ਰਹੇ ਹਨ। ਨੌਕਰਸ਼ਾਹਾਂ ਅਤੇ ਮੁਲਾਜ਼ਮਾਂ ਨੂੰ ਮਹਿੰਗਾਈ ਭੱਤੇ ਦੇ ਕੇ ਸਰਕਾਰਾਂ ਉਨ੍ਹਾਂ ਦੇ ਚਿਹਰਿਆਂ 'ਤੇ ਸ਼ਿਕਨ ਤੱਕ ਨਹੀਂ ਆਉਣ ਦਿੰਦੀਆਂ, ਪਰ ਕਿਸਾਨ ਕਰਜ਼ੇ ਤੇ ਵਿਆਜ ਮੁਆਫੀ ਲਈ ਸੜਕਾਂ 'ਤੇ ਭੋਜਨ ਪਰੋਸ ਕੇ ਖਾਣ, ਤਪਦੇ ਅਸਮਾਨ ਹੇਠਾਂ ਨੰਗੇ ਧੜ ਅੰਦੋਲਨ ਕਰਨ ਅਤੇ ਪਾਣੀ ਵਿੱਚ ਗਲ ਤੱਕ ਡੁੱਬ ਕੇ ਜਲ ਸਤਿਆਗ੍ਰਹਿ ਕਰਨ ਵਰਗੇ ਮੁਸ਼ਕਲ ਫੈਸਲੇ ਲੈਣ ਲਈ ਮਜਬੂਰ ਹੈ।

ਮੱਧ ਪ੍ਰਦੇਸ਼ ਦਾ ਮੰਦਸੌਰ ਜ਼ਿਲ੍ਹਾ ਇਸ ਦੀ ਤਾਜ਼ਾ ਮਿਸਾਲ ਹੈ। ਸਿਆਸਤ ਦਾ ਕਮਾਲ ਦੇਖੋ ਕਿ ਗੋਲੀਆਂ ਨਾਲ ਮਰਨ ਵਾਲੇ ਕਿਸਾਨਾਂ ਦੇ ਪਰਵਾਰਾਂ ਨੂੰ ਧਾਰਮਿਕ ਰੀਤਾਂ ਛੱਡ ਕੇ ਮੁੱਖ ਮੰਤਰੀ ਦੇ ਕੁਝ ਘੰਟਿਆਂ ਤੋਂ ਚੱਲ ਰਹੇ ਵਰਤ/ ਭੁੱਖ ਹੜਤਾਲ ਨੂੰ ਤੁੜਵਾਉਣ ਵਾਸਤੇ ਬਿਨਾਂ ਸ਼ੁੱਧੀ ਅਤੇ 13ਵੀਂ ਕੀਤਿਆਂ ਭੋਪਾਲ ਜਾਣ ਲਈ ਮਜਬੂਰ ਹੋਣਾ ਪੈਂਦਾ ਹੈ।

ਕੀ ਕਿਸਾਨ ਇੱਕ ਸਿਆਸੀ ਹਥਿਆਰ ਬਣ ਗਿਆ ਹੈ ਜਾਂ ਫਿਰ ਸਿਰਫ ਉਹ ਔਜ਼ਾਰ ਬਣ ਕੇ ਰਹਿ ਗਿਆ ਹੈ, ਜਿਹੜਾ ਖੇਤ 'ਚ ਹਲ ਵੀ ਚਲਾਵੇ, ਭਰਪੂਰ ਫਸਲ ਬੀਜੇ ਅਤੇ ਪੱਕਣ 'ਤੇ ਉਸ ਨੂੰ ਵੇਚਣ, ਸੰਭਾਲਣ ਤੋਂ ਬਾਅਦ ਸਹੀ ਕੀਮਤ ਲੈਣ ਲਈ ਸੀਨੇ 'ਤੇ ਗੋਲੀ ਵੀ ਖਾਵੇ? ਦੇਸ਼ ਦਾ ਪੇਟ ਭਰੇ ਅਤੇ ਖੁਦ ਭੁੱਖਾ ਮਰੇ? ਕਿਸਾਨਾਂ ਦੇ ਨਾਂਅ 'ਤੇ ਅੱਜ ਜੋ ਹੋ ਰਿਹਾ ਹੈ, ਉਹ ਬਹੁਤ ਗੰਭੀਰ ਤੇ ਚਿੰਤਾਜਨਕ ਹੈ।

ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਤਾਜ਼ਾ ਅੰਕੜਿਆਂ ਮੁਤਾਬਕ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੇ ਕੇਸਾਂ ਵਿੱਚ 42 ਫੀਸਦੀ ਵਾਧੇ ਨਾਲ ਮਹਾਰਾਸ਼ਟਰ ਸਭ ਤੋਂ ਅੱਗੇ ਹੈ, ਜਿੱਥੇ 4291 ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ। ਉਸ ਤੋਂ ਬਾਅਦ ਕਰਨਾਟਕ ਵਿੱਚ 1569, ਤੇਲੰਗਾਨਾ 'ਚ 1400, ਮੱਧ ਪ੍ਰਦੇਸ਼ 'ਚ 1290, ਛੱਤੀਸਗੜ੍ਹ 'ਚ 954, ਆਂਧਰਾ ਪ੍ਰਦੇਸ਼ 'ਚ 916 ਅਤੇ ਤਾਮਿਲ ਨਾਡੂ ਵਿੱਚ 606 ਮਾਮਲੇ ਸਾਹਮਣੇ ਆਏ।

30 ਦਸੰਬਰ 2016 ਦੀ ਰਿਪੋਰਟ ਮੁਤਾਬਕ 2015 'ਚ 12602 ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ, ਸਾਲ 2014 'ਚ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੀ ਗਿਣਤੀ 5650 ਅਤੇ ਖੇਤ ਮਜ਼ਦੂਰਾਂ ਦੀ ਗਿਣਤੀ 6710 ਸੀ। ਇਸ ਵਿੱਚ ਹੈਰਾਨ ਕਰਨ ਵਾਲਾ ਤੱਥ ਇਹ ਸੀ ਕਿ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਖੁਦਕੁਸ਼ੀ ਦਾ ਕਾਰਨ ਕਰਜ਼ਾ, ਕੰਗਾਲੀ ਤੇ ਖੇਤੀ ਨਾਲ ਜੁੜੀਆਂ ਦਿੱਕਤਾਂ ਹੀ ਸਨ। ਇਸ ਤੋਂ ਇਲਾਵਾ ਖੁਦਕੁਸ਼ੀਆਂ ਕਰਨ ਵਾਲੇ 73 ਫੀਸਦੀ ਕਿਸਾਨਾਂ ਕੋਲ 2 ਏਕੜ ਜਾਂ ਉਸ ਨਾਲੋਂ ਘੱਟ ਜ਼ਮੀਨ ਸੀ, ਭਾਵ ਛੋਟਾ ਤੇ ਅਮਲੀ ਕਿਸਾਨ ਬੇਹੱਦ ਟੁੱਟਦਾ ਜਾ ਰਿਹਾ ਹੈ।

ਕਿਸਾਨਾਂ ਨੂੰ ਲੈ ਕੇ ਲੋਕਾਂ ਵਿੱਚ ਸੰਵੇਦਨਾ ਜਗਾਉਣੀ ਪਵੇਗੀ। ਸਾਰੇ ਵਪਾਰਕ ਤੇ ਗੈਰ ਸਰਕਾਰੀ ਸੰਗਠਨਾਂ ਦੀ ਵੀ ਜ਼ਿੰਮੇਵਾਰੀ ਹੈ ਕਿ ਉਹ ਕਿਸਾਨਾਂ ਨਾਲ ਜੁੜਨ, ਉਨ੍ਹਾਂ ਨੂੰ ਕਾਰੋਬਾਰ ਤੇ ਸਮਾਜ ਦਾ ਹਿਸਾ ਸਮਝਣ, ਤਾਂ ਹੀ ਟੁੱਟਦੇ ਜਾ ਰਹੇ ਕਿਸਾਨਾਂ ਨੂੰ ਨਵਾਂ ਮੰਚ ਮਿਲੇਗਾ। ਸਰਕਾਰੀ ਮਦਦ ਲਈ ਮੁਥਾਜ ਕਿਸਾਨ ਵੱਖ-ਵੱਖ ਸੰਗਠਨਾਂ ਦਾ ਸਾਥ ਮਿਲਣ ਨਾਲ ਮਾਨਸਿਕ ਤੌਰ 'ਤੇ ਮਜ਼ਬੂਤ ਹੋਵੇਗਾ, ਤਣਾਅ 'ਚੋਂ ਬਾਹਰ ਆਵੇਗਾ ਤੇ ਖੇਤੀਬਾੜੀ ਨੂੰ ਵਪਾਰਕ ਨਜ਼ਰੀਏ ਤੋਂ ਦੇਖੇਗਾ। ਇਸ ਦਾ ਫਾਇਦਾ ਜਿੱਥੇ ਉਸ ਦੀ ਜ਼ਿੰਦਗੀ ਬਚਾਉਣ ਵਿੱਚ ਮਿਲੇਗਾ, ਉਥੇ ਹੀ ਵਪਾਰਕ ਸੰਗਠਨ ਨਾਲ ਜੁੜੇ ਹੋਣ 'ਤੇ ਖੇਤੀ ਉਤਪਾਦਾਂ ਦੀ ਵਿਕਰੀ ਤੇ ਮਾਰਕੀਟਿੰਗ ਲਈ ਦੋਸਤਾਨਾ ਮਾਹੌਲ ਬਣੇਗਾ।

# ਬਦ ਨਾਲੋਂ ਬਦਨਾਮ ਬੁਰਾ

-ਸੋਹਨ ਲਾਲ ਗੁਪਤਾ

ਮੈਂ 1967 ਦੌਰਾਨ ਪਟਿਆਲਾ ਦੇ ਮਹਿੰਦਰਾ ਕਾਲਜ ਦੀ ਪ੍ਰੈਪ ਜਮਾਤ ਵਿੱਚ ਦਾਖਲ ਹੋ ਗਿਆ। ਕਾਲਜ ਦੇ ਨੇੜੇ ਸਮਾਨੀਆ ਗੇਟ ਵਾਲੀ ਸੜਕ ਉਤੇ ਚਿਰੰਜੀ ਮੱਲ ਧਰਮਸ਼ਾਲਾ ਸੀ। ਮੈਂ ਅਤੇ ਮੇਰੇ ਮਾਮੇ ਦੇ ਲੜਕੇ ਨੇ ਉਸ ਧਰਮਸ਼ਾਲਾ ਵਿੱਚ ਕਮਰਾ ਕਿਰਾਏ 'ਤੇ ਲੈ ਲਿਆ। ਉਥੇ ਚਾਰ ਕਮਰਿਆਂ ਵਿੱਚ ਸਾਡੇ ਪਿੰਡਾਂ ਵੱਲੋਂ ਆਏ ਮੁੰਡੇ ਰਹਿੰਦੇ ਸਨ। ਉਹ ਵੀ ਮਹਿੰਦਰਾ ਕਾਲਜ ਵਿੱਚ ਪੜ੍ਹਦੇ ਸਨ। ਇਹ ਸਾਰੇ ਕਮਰੇ ਧਰਮਸ਼ਾਲਾ ਦੀ ਪਹਿਲੀ ਮੰਜ਼ਿਲ ਉਪਰ ਸਨ।

ਸਰਦੀਆਂ ਦੇ ਦਿਨਾਂ ਵਿੱਚ ਇਕ ਐਤਵਾਰ ਨੂੰ ਸਾਰੇ ਮੁੰਡੇ ਆਪਣੇ ਪਿੰਡਾਂ ਨੂੰ ਚਲੇ ਗਏ। ਮੇਰੇ ਮਾਮੇ ਦਾ ਮੁੰਡਾ ਕਰਮ ਚੰਦ ਵੀ ਆਪਣੇ ਪਿੰਡ ਗਿਆ ਹੋਇਆ ਸੀ। ਮੇਰੇ ਕਮਰੇ ਦੇ ਨਾਲ ਵਾਲਾ ਕਮਰਾ ਭਰਪੂਰ ਸਿੰਘ ਦਾ ਸੀ। ਉਹ ਆਪਣੇ ਪਿੰਡ ਘੱਗੇ ਗਿਆ ਸੀ। ਮੈਂ ਐਤਵਾਰ ਨੂੰ ਦੁਪਹਿਰ ਵੇਲੇ ਰੋਟੀ, ਸਬਜ਼ੀ ਬਣਾਈ। ਮੈਨੂੰ ਪਤਾ ਸੀ ਕਿ ਭਰਪੂਰ ਸਿੰਘ ਨੇ ਪੀਪੀ ਵਿੱਚ ਦੇਸੀ ਘਿਓ ਲਿਆ ਕੇ ਰੱਖਿਆ ਹੋਇਆ ਸੀ। ਮੈਂ ਸੋਚਿਆ ਕਿ ਜੇ ਥੋੜ੍ਹਾ ਜਿਹਾ ਦੇਸੀ ਘਿਓ ਲੈ ਲਿਆ ਜਾਵੇ ਤਾਂ ਰੋਟੀ ਸਵਾਦ ਨਾਲ ਖਾਧੀ ਜਾਵੇਗੀ। ਮੈਂ ਦੇਸੀ ਘਿਓ ਲੈਣ ਦੀ ਕੋਸ਼ਿਸ਼ ਕਰਨ ਲੱਗ ਪਿਆ। ਮੇਰੇ ਤਾਲੇ ਦੀ ਚਾਬੀ ਭਰਪੂਰ ਸਿੰਘ ਦੀ ਪੀਪੀ ਦੇ ਜ਼ਿੰਦਰੇ ਨੂੰ ਲੱਗ ਗਈ। ਮੈਂ ਉਸ ਦੀ ਕੜਛੀ ਚੁੱਕੀ ਅਤੇ ਪੀਪੀ 'ਚੋਂ ਘਿਓ ਕੱਢਣ ਦੀ ਕੋਸ਼ਿਸ਼ ਕਰਨ ਲੱਗਿਆ। ਠੰਢ ਕਾਰਨ ਘਿਓ ਜੰਮਿਆ ਹੋਇਆ ਸੀ। ਮੈਂ ਘਿਓ ਵਿੱਚ ਕੜਛੀ ਜ਼ੋਰ ਨਾਲ ਧੱਕੀ ਤਾਂ ਉਹ ਵਿਚਕਾਰੋਂ ਟੁੱਟ ਗਈ। ਮੈਂ ਘਬਰਾ ਗਿਆ। ਮੈਂ ਹੁਣ ਘਿਓ ਤਾਂ ਕੀ ਲੈਣਾ ਸੀ, ਨਵਾਂ ਫਿਕਰ ਸਹੇੜ ਲਿਆ।

ਅਗਲੇ ਦਿਨ ਸਾਰੇ ਲੜਕੇ ਆਪੋ ਆਪਣੇ ਕਮਰਿਆਂ ਵਿੱਚ ਆ ਗਏ। ਕੜਛੀ ਦੀ ਡੰਡੀ ਟੁੱਟੀ ਹੋਣ ਕਾਰਨ ਚੋਰੀ ਵਾਲਾ ਮਾਮਲਾ ਭਰਪੂਰ ਸਿੰਘ ਨੂੰ ਸਮਝ ਆ ਗਿਆ। ਐਤਵਾਰ ਨੂੰ ਮੈਂ ਇਕੱਲਾ ਹੋਣ ਕਰਕੇ ਉਸ ਦਾ ਸ਼ੱਕ ਮੇਰੇ 'ਤੇ ਹੀ ਜਾਣਾ ਸੀ। ਉਸ ਨੇ ਮੈਨੂੰ ਸਾਰੇ ਮੁੰਡਿਆਂ ਵਿੱਚ ਸ਼ਰਮਿੰਦਗੀ ਮਹਿਸੂਸ ਕਰਵਾਈ। ਇਸ ਘਟਨਾ ਦਾ ਧਰਮਸ਼ਾਲਾ ਵਿੱਚ ਸਭ ਨੂੰ ਪਤਾ ਲੱਗ ਗਿਆ ਸੀ। ਇਸ ਘਟਨਾ ਤੋਂ 15 ਕੁ ਦਿਨਾਂ ਬਾਅਦ ਕਿਸੇ ਵਪਾਰੀ ਦਾ ਧਰਮਸ਼ਾਲਾ ਵਿੱਚ ਠਹਿਰਨ ਦੌਰਾਨ ਕੀਮਤੀ ਸਮਾਨ ਚੋਰੀ ਹੋ ਗਿਆ। ਧਰਮਸ਼ਾਲਾ ਦੇ ਚੌਕੀਦਾਰ ਨੇ ਇਹ ਗੱਲ ਸਾਰੇ ਮੁੰਡਿਆਂ ਨੂੰ ਦੱਸੀ। ਅਸੀਂ ਸਾਰੇ ਰੋਜ਼ਾਨਾ ਦੀ ਤਰ੍ਹਾਂ ਕਾਲਜ ਵਿੱਚ ਕਲਾਸਾਂ ਲਾਉਣ ਚਲੇ ਗਏ। ਉਸੇ ਦਿਨ ਸ਼ਾਮ ਨੂੰ ਸੱਤ ਵਜੋਂ ਜਦੋਂ ਮੈਂ ਅਤੇ ਕਰਮ ਚੰਦ ਕਮਰੇ 'ਚ ਬੈਠੇ ਪੜ੍ਹ ਰਹੇ ਸੀ ਤਾਂ ਚੌਕੀਦਾਰ ਸਾਡੇ ਕੋਲ ਆਇਆ। ਉਸ ਨੇ ਮੈਨੂੰ ਕਿਹਾ, 'ਆਪ ਕੋ ਨੀਚੇ ਪੁਲਸ ਵਾਲੇ ਬੁਲਾ ਰਹੇ ਹੈਂ।' ਮੈਂ ਹੇਠਾਂ ਗਿਆ ਤਾਂ ਸਿਪਾਹੀ ਨੇ ਮੈਨੂੰ ਕਿਹਾ, 'ਇਥੇ ਰਾਤੀਂ ਵੱਡੀ ਚੋਰੀ ਹੋ ਗਈ, ਤੈਨੂੰ ਕਿਲ੍ਹਾ ਚੌਕ ਕੋਤਵਾਲੀ ਵਿੱਚ ਲਿਜਾਣਾ ਹੈ।' ਮੈਂ ਰੋਣ ਲੱਗ ਪਿਆ।

ਸਿਪਾਹੀ ਨੇ ਮੈਨੂੰ ਆਪਣੇ ਸਾਈਕਲ ਦੇ ਪਿੱਛੇ ਕੈਰੀਅਰ 'ਤੇ ਬਿਠਾ ਲਿਆ। ਉਹ ਸਾਈਕਲ ਰੇੜ੍ਹ ਕੇ ਮੈਨੂੰ ਲਿਜਾ ਰਿਹਾ ਸੀ। ਮੈਂ ਲਗਾਤਾਰ ਰੋਈ ਜਾ ਰਿਹਾ ਸੀ। ਅੱਧੇ ਕੁ ਘੰਟੇ ਬਾਅਦ ਅਸੀਂ ਕੋਤਵਾਲੀ ਪਹੁੰਚ ਗਏ। ਸਿਪਾਹੀ ਨੇ ਮੈਨੂੰ ਵੱਡੇ ਅਫਸਰ ਸਾਹਮਣੇ ਪੇਸ਼ ਕੀਤਾ ਤੇ ਕਿਹਾ, 'ਸਾਹਿਬ ਜੀ, ਆਹ ਮੁੰਡਾ ਏ।' ਮੈਂ ਉਸ ਵੇਲੇ ਵੀ ਰੋਈ ਜਾ ਰਿਹਾ ਸੀ। ਅਫਸਰ ਨੇ ਨੀਝ ਲਾ ਕੇ ਤੱਕਿਆ ਤੇ ਸਿਪਾਹੀ ਨੂੰ ਕਿਹਾ, 'ਇਹ ਮੁੰਡਾ ਚੋਰੀ ਕਰਨ ਵਾਲਾ ਨਹੀਂ ਲੱਗਦਾ, ਜਾਹ ਇਹਨੂੰ ਛੱਡ ਕੇ ਆ।' ਸਿਪਾਹੀ ਨੇ ਸਾਈਕਲ ਦੇ ਪਿੱਛੇ ਕੈਰੀਅਰ ਉੱਤੇ ਬਿਠਾਇਆ ਅਤੇ ਇਸ ਵਾਰ ਸਾਈਕਲ ਚਲਾ ਕੇ ਧਰਮਸ਼ਾਲਾ ਛੱਡ ਗਿਆ।

ਇਸ ਘਟਨਾ ਦੇ ਦੋ ਕੁ ਦਿਨਾਂ ਬਾਅਦ ਮੇਰਾ ਵੱਡਾ ਭਰਾ ਕ੍ਰਿਸ਼ਨ ਲਾਲ ਮੈਨੂੰ ਮਿਲਣ ਆ ਗਿਆ। ਉਸ ਨੂੰ ਫਿਰ ਅਜਿਹੀ ਗੱਲ ਵਾਪਰਨ ਦਾ ਡਰ ਸੀ। ਸਾਡੇ ਪਿੰਡੋਂ ਇਕ ਔਰਤ ਪੰਦਰਾਂ ਸਾਲਾਂ ਤੋਂ ਰਾਘੋਮਾਜਰੇ ਵਿੱਚ ਨਿੰਮ ਵਾਲੇ ਚੌਕ ਕੋਲ ਰਹਿ ਰਹੀ ਸੀ। ਮੇਰਾ ਵੱਡਾ ਭਰਾ ਉਸ ਦੇ ਘਰ ਗਿਆ। ਉਸ ਔਰਤ ਨੇ ਆਪਣੇ ਘਰ ਦੇ ਨੇੜੇ ਇਕ ਚੁਬਾਰਾ ਮੈਨੂੰ ਬਹੁਤ ਥੋੜ੍ਹੇ ਜਿਹੇ ਕਿਰਾਏ 'ਤੇ ਦੁਆ ਦਿੱਤਾ ਤੇ ਮੇਰਾ ਬਹੁਤ ਧਿਆਨ ਰੱਖਿਆ। ਮੈਂ ਬੀ ਐਡ ਕਰਨ ਤੱਕ ਪੰਜ ਸਾਲ ਉਸੇ ਚੁਬਾਰੇ ਵਿੱਚ ਰਿਹਾ। ਹੁਣ ਵੀ ਮਨ ਵਿੱਚ ਖਿਆਲ ਆਉਂਦਾ ਹੈ ਕਿ ਜੇ ਧਰਮਸ਼ਾਲਾ ਵਿੱਚ ਰਾਤ ਨੂੰ ਹੋਈ ਚੋਰੀ ਦਾ ਝੂਠਾ ਕੇਸ ਮੇਰੇ ਉਪਰ ਪੈ ਜਾਂਦਾ ਤਾਂ ਮੈਂ ਅਦਾਲਤ ਵਿੱਚ ਤਰੀਕਾਂ ਭੁਗਤਣ ਜੋਗਾ ਰਹਿ ਜਾਣਾ ਸੀ। ਕਾਲਜ ਵਿੱਚ ਉਚੇਰੀ ਪੜ੍ਹਾਈ ਕਰਨ ਦੀ ਸੰਭਾਵਨਾ ਬਿਲਕੁਲ ਹੀ ਨਹੀਂ ਰਹਿਣੀ ਸੀ। ਕਾਸ਼! ਸਾਰੇ ਪੁਲਸ ਵਾਲੇ ਉਸ ਥਾਣੇਦਾਰ ਵਰਗੇ ਹੋ ਜਾਣ ਜਿਸ ਨੇ ਮੈਨੂੰ ਨਿਰਦੋਸ਼ ਮਹਿਸੂਸ ਕਰਦਿਆਂ ਮੇਰੀ ਜ਼ਿੰਦਗੀ ਬਰਬਾਦ ਹੋਣ ਤੋਂ ਬਚਾਅ ਦਿੱਤੀ ਸੀ।

# 'ਵਿਰਕਾਂ ਦਾ ਦੋਹਤਰਾ' ਹੋਵੇ ਤੇ.......

---ਡਾ: ਐਸ.ਐਸ.ਛੀਨਾ

ਕੁਝ ਚਿਰ ਪਹਿਲਾਂ ਜਦੋਂ ਮੈਨੂੰ ਪਾਕਿਸਤਾਨ ਵਿਚ ਗੁਰਦਵਾਰਿਆਂ ਦੀ ਯਾਤਰਾ ਦਾ ਵੀਜਾ ਮਿਲਿਆ ਤਾਂ ਇਸ ਵਿਚ ਕਰਤਾਰ-ਪੁਰ ਸਾਹਿਬ, ਲਹੌਰ ਅਤੇ ਸੱਚਾ ਸੌਦਾ ਦਾ ਵੀਜਾ ਵੀ ਸੀ । ਇਸ ਤੋਂ ਸਾਲ ਪਹਿਲਾਂ ਜਦੋਂ ਮੈਨੂੰ ਪਾਕਿਸਤਾਨ ਆਣ ਦਾ ਮੌਕਾ ਮਿਲਿਆ ਸੀ ਤਾਂ ਮੈਂ ਆਪਣੇ ਜਨਮ ਅਸਥਾਨ ਵਾਲੇ ਪਿੰਡ ਚੱਕ ਨੰਬਰ 96 ਜਿਲਾ ਸਰਗੋਧਾ ਵੀ ਗਿਆ ਸਾਂ, ਉਥੇ ਜਿਸ ਪਿਆਰ ਨਾਲ ਮੇਰੇ ਪਿੰਡ ਵਾਲਿਆਂ ਨੇ ਮੇਰਾ ਸੁਆਗਤ ਕੀਤਾ ਸੀ, ਉਹ ਮੈਂ ਸਾਰੀ ਉਮਰ ਨਹੀਂ ਭੁੱਲ ਸਕਦਾ । ਪਿੰਡ ਪਹੁੰਚ ਕੇ ਜਦੋਂ ਮੈਂ ਦੱਸਿਆ ਕਿ ਮੈਂ ਨੰਬਰਦਾਰ ਲਛਮਣ ਸਿੰਘ ਦਾ ਪੋਤਰਾ ਹਾਂ, ਤਦ ਕੁਝ ਹੀ ਮਿੰਟਾਂ ਵਿਚ ਤਕਰੀਬਨ ਸਾਰੇ ਹੀ ਪਿੰਡ ਦੇ ਮਰਦ ਇਕ ਚੌਂਕ ਵਿਚ ਮੇਰੇ ਇਰਦ ਗਿਰਦ ਆ ਕੇ ਬੈਠ ਗਏ ਅਤੇ ਹੈਰਾਨੀ ਵਾਲੀ ਗਲ ਸੀ ਕਿ ਕੁਝ ਹੀ ਮਿੰਟਾਂ ਵਿਚ ਚਾਹ, ਪਕੌੜੇ ਅਤੇ ਜਲੇਬੀਆਂ ਵਗੈਰਾ ਕਿਧਰੋਂ ਉਥੇ ਆ ਗਈਆਂ ਅਤੇ ਉਥੇ ਏਦਾਂ ਲੱਗ ਰਿਹਾ ਸੀ, ਜਿਵੇਂ ਕੋਈ ਸਮਾਗਮ ਜਾਂ ਜਸ਼ਨ ਮਨਾਇਆ ਜਾ ਰਿਹਾ ਹੈ । ਉਥੇ ਬੈਠੇ ਸਭ ਜਣੇ ਸਾਡੇ ਸਾਡੇ ਪਰਿਵਾਰ ਪਰਿਵਾਰ ਬਾਰੇ ਏਦਾਂ ਪੁੱਛ ਰਹੇ ਸਨ, ਜਿਵੇਂ ਉਹਨਾਂ ਨੂੰ ਵਿਛੜਨ ਦਾ ਬੜਾ ਉਦਰੇਵਾਂ ਹੋਵੇ ।

ਸੱਚਾ ਸੌਦਾ ਦੇ ਕੋਲ ਪਿੰਡ ਮੇਰੇ ਨਾਨਕਿਆਂ ਦਾ ਪਿੰਡ ਫੁੱਲਰਵਾਨ ਸੀ ਅਤੇ ਜਦੋਂ ਦੇਸ਼ ਦੀ ਵੰਡ ਹੋਈ ਸੀ ਤਾਂ ਮੈਂ ਅਤੇ ਮੇਰਾ ਛੋਟਾ ਭਰਾ ਆਪਣੀ ਬੀਬੀ ਜੀ (ਮਾਤਾ ਜੀ) ਨਾਲ ਆਪਣੇ ਨਾਨਕੇ ਆਏ ਹੋਏ ਸਾਂ ਅਤੇ ਇਥੋਂ ਹੀ ਅਸੀ ਇਕ ਕਾਫਲੇ ਵਿਚ ਚਲ ਕੇ ਪੂਰਬੀ ਪੰਜਾਬ ਆਏ ਸਾਂ । ਇਸ ਕਾਫਲੇ ਨੂੰ ਕੁਝ ਦਿਨ ਸੱਚਾ ਸੌਦਾ ਗੁਰਦਵਾਰੇ ਰਹਿਣਾ ਪਿਆ ਸੀ, ਇਸ ਲਈ 60 ਸਾਲ ਮਗਰੋਂ ਮੇਰੇ ਮਨ ਵਿਚ ਉਸ ਗੁਰਦਵਾਰੇ ਨੂੰ ਵੇਖਣ ਦੀ ਚਾਹ ਜਾਗ ਰਹੀ ਸੀ ਅਤੇ ਇਸ ਨਾਲ ਹੀ ਮੈਂ ਆਪਣੇ ਨਾਨਕੇ ਪਿੰਡ ਫੁੱਲਰਵਾਨ ਵੀ ਜਾਣਾ ਚਾਹੁੰਦਾ ਸਾਂ । ਮੈਂ ਇਕ ਦਿਨ ਲਹੌਰ ਰਿਹਾ ਤੇ ਅਗਲੇ ਦਿਨ ਮੈਂ ਇਕ ਕਾਰ ਤੇ ਕਰਤਾਰਪੁਰ ਵੱਲ ਚਾਲੇ ਪਾ ਦਿੱਤੇ, ਮੇਰੇ ਨਾਲ ਇਕ ਡਰਾਈਵਰ ਅਤੇ ਲਹੌਰ ਤੋਂ ਇਕ ਹੋਰ ਆਦਮੀ ਸੀ । ਕਰਤਾਰਪੁਰ ਵੱਲ ਜਾਂਦਿਆਂ ਰਾਹ ਵਿਚ ਇਕ ਵੱਡਾ ਸ਼ਹਿਰ ਨਾਰੋਵਾਲ ਆਇਆ । ਉਥੇ ਕਈ ਥਾਵਾਂ ਤੇ, ''ਬਾਜਵਾਂ ਗੈਸ ਸਟੇਸ਼ਨ'' ''ਬਾਜਵਾ ਰੈਸਟੋਰੈਂਟ'' ਆਦਿ ਲਿਖਿਆ ਹੋਇਆ ਵੇਖਿਆ । ਨਾਰੋਵਾਲ ਬਾਰੇ ਮੈਂ ਬਹੁਤ ਕੁਝ ਸੁਣਦਾ ਰਿਹਾ ਸਾਂ, ਕਿਉਂ ਜੋ ਤਾਇਆ ਜੀ ਦੇ ਸਹੁਰੇ, ਨਾਰੋਵਾਲ ਦੇ ਨੇੜੇ ਦੇ ਕਿਸੇ ਪਿੰਡ ਵਿਚ ਸਨ ਅਤੇ ਉਹ ਵੀ ਬਾਜਵੇ ਸਨ । ਜਦੋਂ ਅਸੀ ਨਾਰੋਵਾਲ ਇਕ ਚਾਹ ਦੀ ਦੁਕਾਨ ਤੇ ਰੁਕੇ ਤਾਂ ਕੁਝ ਲੋਕ ਮੇਰੇ ਕੋਲ ਆ ਗਏ, ਉਹਨਾਂ ਦੀ ਗਲਬਾਤ ਦਾ ਅੰਦਾਜ ਉਸੇ ਤਰਾਂ ਦਾ ਸੀ, ਜਿਦਾਂ ਦਾ ਇਧਰੋਂ ਗਏ ਸਾਡੇ ਰਿਸ਼ਤੇਦਾਰਾਂ ਦਾ, ਵੈਸੇ ਅਜਕਲ ਨਾਰੋਵਾਲ ਇਕ ਜਿਲ੍ਹਾ ਹੈ । ਨਾਰੋਵਾਲ ਤੋਂ ਸ਼ਕਰਗੜ ਵਾਲੀ ਸੜਕ ਤੇ ਜਾਂਦਿਆਂ, ਦੋਹਾਂ ਪਾਸਿਆਂ ਦੇ ਖੇਤਾਂ ਵਿਚ ਝੋਨਾ, ਬਾਸਮਤੀ ਦੇ ਪਰਾਲੀ ਦੇ ਢੇਰ, ਪੈਲੀਆਂ ਵਿਚ ਲੱਗੇ ਹੋਏ ਸਨ ਅਤੇ ਰਾਵੀ ਦਰਿਆ ਦੇ ਸੱਜੇ ਪਾਸੇ ਦਾ ਇਹ ਇਲਾਕਾ, ਬਿਲਕੁਲ ਹੀ ਰਾਵੀ ਦੇ ਖੱਬੇ ਪਾਸੇ ਵਾਲੇ ਇਲਾਕੇ ਵਰਗਾ ਜਾਪਦਾ ਸੀ ਅਤੇ ਇਥੋਂ ਦੇ ਲੋਕਾਂ ਦਾ ਪਹਿਰਾਵਾ ਅਤੇ ਗੱਲਬਾਤ ਬਿਲਕੁਲ ਉਸ ਤਰਾਂ ਹੀ ਲਗਦੀ ਸੀ, ਜਿਸ ਤਰਾਂ ਡੇਹਰਾ ਬਾਬਾ ਨਾਨਕ ਦੇ ਨੇੜੇ ਦੇ ਪਿੰਡਾਂ ਦੀ ਹੈ ।

ਅਸੀ ਜਦ ਗੁਰਦਵਾਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਕੇ ਬਾਹਰ ਆਏ ਤਾਂ ਗ੍ਰੰਥੀ ਜੀ ਨੂੰ ਮੈਂ ਪੁੱਛਿਆ ਕਿ ਇਥੋਂ ਡ੍ਹੇਰਾ ਬਾਬਾ ਨਾਨਕ ਤਾਂ ਬਹੁਤ ਨਜ਼ਦੀਕ ਹੈ, ਤਾਂ ਉਸ ਨੇ ਦੱਸਿਆ ਕਿ ਉਹ ਸਾਹਮਣੇ ਉਚੇ ਸਫੈਦੇ ਦੇ ਦਰਖਤ ਡ੍ਹੇਰਾਬਾਬਾ ਨਾਨਕ ਦੇ ਬਾਹਰ ਹਨ । ਮੈਂ ਇਹ ਗਲ ਵੇਖ ਰਿਹਾ ਸਾਂ ਕਿ ਬੋਲੀ, ਚਿਹਰੇ, ਕੱਦ-ਕਾਠ, ਸਿਹਤ ਆਦਿ ਤੇ ਇਸ ਇਲਾਕੇ ਦੀ ਜਮੀਨ ਅਤੇ ਜਲਵਾਯੂ ਦਾ ਕਿੰਨਾ ਪ੍ਰਭਾਵ ਸੀ, ਜਿਸ ਨੂੰ ਸਰਹੱਦ ਦੀ ਲਕੀਰ ਵੰਡ ਨਹੀਂ ਸਕੀ ।

ਇਸ ਤੋਂ ਬਾਦ ਅਸੀ ਸੱਚਾ ਸੌਦਾ ਵੱਲ ਚਲ ਪਏ, ਸ਼ੇਖੂਪੁਰੇ ਵਿਚੋਂ ਦੀ ਲੰਘਦਿਆਂ ਜਦੋਂ ਅਸੀ ਕਚਿਹਰੀਆਂ ਦੇ ਕੋਲੋਂ ਲੰਘ ਰਹੇ ਸਾਂ ਤਾਂ ਮੈਨੂੰ ਮਾਮਾ ਜੀ ਵੱਲੋਂ ਇਸ ਕਚਿਹਰੀ ਨਾਲ ਸਬੰਧਿਤ ਕਈ ਕਹਾਣੀਆਂ ਯਾਦ ਆ ਗਈਆਂ ਅਤੇ ਮੈਂ ਉਸ ਸਮੇਂ ਦੀ ਕਲਪਨਾ ਕਰਣ ਲੱਗ ਪਿਆ, ਜਦੋਂ ਇੰਨਾਂ ਕਚਿਹਰੀਆਂ ਵਿਚ ਪੱਗਾਂ ਵਾਲੇ ਸਿੱਖ ਸਰਦਾਰਾਂ ਦੀ ਰੌਣਕ ਹੁੰਦੀ ਹੋਵੇਗੀ ਅਤੇ ਹੁਣ ਸਾਡੀ ਕਾਰ ਸੱਚਾ ਸੌਦਾ ਗੁਰਦਵਾਰੇ ਵੱਲ ਜਾ ਰਹੀ ਸੀ, ਸੜਕ ਤੇ ਤੁਰੇ ਜਾਂਦੇ ਲੋਕਾਂ ਦਾ ਪਹਿਰਾਵਾ ਬਿਲਕੁਲ ਉਸ ਤਰਾਂ ਦਾ ਹੀ ਸੀ, ਜਿਸ ਤਰਾਂ ਮੈਂ ਮਾਮਾ ਜੀ ਦਾ ਵੇਖਦਾ ਰਿਹਾ ਸਾਂ ਅਤੇ ਉਹਨਾਂ ਦੇ ਚਿਹਰੇ ਅਤੇ ਕੱਦ ਕਾਠ ਸਭ ਕੁਝ ਉਸ ਤਰਾ ਦਾ ਹੀ ਸੀ, ਜਿੰਨਾਂ ਵਿਚ ਕਈਆਂ ਨੇ ਤਹਿਮਤਾਂ ਬਧੀਆਂ ਹੋਈਆਂ ਸਨ ਅਤੇ ਕਈਆਂ ਨੇ ਪਜਾਮੇਂ ਪਾਏ ਹੋਏ ਸਨ । ਪਰ ਇੰਨਾਂ ਵਿਚੋਂ ਬਹੁਤਿਆਂ ਨੇ ਪਗੜੀਆਂ ਬੰਨੀਆਂ ਹੋਈਆਂ ਸਨ। ਸੈਂਕੜੇ ਵਾਰ ਮੈਂ ਮੰਡੀ ਚੂਹੜਕਾਣੇ ਦਾ ਜਿਕਰ ਸੁਣਦਾ ਰਿਹਾ ਸਾਂ, ਪਰ ਅਜਕਲ ਇਸ ਦਾ ਨਾਂ ਬਦਲ ਕੇ ਫਰੂਕਾਬਾਦ ਰੱਖਿਆ ਗਿਆ ਹੈ ਅਤੇ ਇਸ ਦੇ ਨਾਲ ਹੀ ਗੁਰਦਵਾਰਾ ਸੱਚਾ ਸੌਦਾ ਹੈ ।

ਗੁਰਦਵਾਰੇ ਵੱਲ ਜਾਂਦਿਆਂ ਮੈਂ ਆਪਣੇ ਨਾਲ ਗਏ ਵਿਅਕਤੀ ਨੂੰ ਦੱਸਿਆ ਕਿ ਗੁਰਦਵਾਰਾ ਪੌੜੀਆਂ ਚੜ੍ਹ ਕੇ ਜਾਈਦਾ ਹੈ ਤਾਂ ਉਹ ਪੁੱਛਣ ਲੱਗਾ ਕਿ ਕੀ ਮੈਂ ਪਹਿਲਾਂ ਵੀ ਇਥੇ ਆਇਆ ਹਾਂ, ਤਾਂ ਫਿਰ ਮੈਂ ਉਸ ਨੂੰ ਉਹ ਸਮਾਂ ਦੱਸਿਆ ਜਦੋਂ ਮੈਂ ਬਚਪਨ ਵਿਚ ਆਪਣੇ ਨਾਨਕਿਆਂ ਦੇ ਪਿੰਡ ਦੇ ਲੋਕਾਂ ਨਾਲ ਇਸ ਗੁਰਦਵਾਰੇ ਵਿਚ ਕਈ ਦਿਨ ਰਿਹਾ ਸਾਂ । ਗੁਰਦਵਾਰੇ ਮੱਥਾ ਟੇਕਣ ਤੋਂ ਬਾਦ ਗ੍ਰੰਥੀ ਜੀ ਨੇ ਸਾਨੂੰ ਚਾਹ ਪਿਆਈ । ਉਸ ਕੌਂਲੋਂ ਮੈਂ ਫੁੱਲਰਵਾਨ ਪਿੰਡ ਬਾਰੇ ਪੁੱਛ ਰਿਹਾ ਸਾਂ, ਤਾਂ ਉਹ ਦੱਸਣ ਲੱਗਾ ਕਿ ਇਸ ਤੋਂ ਬਾਦ ''ਯਾਤਰੀ'' ਸਟੇਸ਼ਨ ਆਉਂਦਾ ਹੈ ਅਤੇ ਉਸ ਤੋਂ ਬਾਦ ''ਬਹਾਲੀਕੇ'' ਅਤੇ ਉਸ ਦੇ ਨਾਲ ਹੀ ਫੁੱਲਰਵਾਨ ਹੈ ਅਤੇ ਇਹ ਕੋਈ 8,9 ਕਿਲੋਮੀਟਰ ਤੋਂ ਵੱਧ ਨਹੀਂ ।

ਮੈਂ ਡਰਾਈਵਰ ਨੂੰ ਕਿਹਾ ਕਿ ਮੈਂ ਆਪਣਾ ਨਾਨਕਾ ਪਿੰਡ ਜਰੂਰ ਵੇਖਣਾ ਚਾਹੁੰਦਾ ਹਾਂ, ਤਾਂ ਉਹ ਕਹਿਣ ਲੱਗਾ ਕਿ ਕੀ ਤੁਹਾਨੂੰ ਉਸ ਪਿੰਡ ਵਿਚ ਕੋਈ ਜਾਣਦਾ ਹੈ ਅਸਲ ਵਿਚ ਉਹ ਉਥੇ ਨਹੀਂ ਸੀ ਜਾਣਾ ਚਾਹੁੰਦਾ ਅਤੇ ਮਹਿਸੂਸ ਕਰਦਾ ਸੀ ਕਿ ਉਥੇ ਕਾਫੀ ਸਮਾਂ ਲੱਗ ਜਾਵੇਗਾ । ਪਰ ਭਾਵੇਂ ਮੈਨੂੰ ਉਸ ਪਿੰਡ ਵਿਚ ਕੋਈ ਵੀ ਨਹੀਂ ਸੀ ਜਾਣਦਾ ਪਰ ਇਹ ਮੇਰੀ ਜਜਬਾਤੀ ਜਹੀ ਖਾਹਿਸ਼ ਸੀ ਕਿ ਉਸ ਪਿੰਡ ਨੂੰ ਜਰੂਰ ਵੇਖ ਕੇ ਆਵਾਂ, ਜਿਥੋਂ ਉਠ ਕੇ ਅਸੀ ਭਾਰਤ ਗਏ ਸਾਂ ਅਤੇ ਮੈਂ ਵੇਖਣਾ ਚਾਹੁੰਦਾ ਸਾਂ ਕਿ ਹੁਣ ਉਹ ਪਿੰਡ ਕਿਸ ਤਰਾਂ ਦਾ ਲੱਗਦਾ ਹੈ ।

ਸਾਡੇ ਨਾਲ ਗਏ ਵਿਅਕਤੀ ਨੇ ਦੱਸਿਆ ਕਿ ਇਥੇ ਇਕ ਆੜ੍ਹਤੀ ਉਸ ਦਾ ਵਾਕਫ ਹੈ, ਉਸ ਨੂੰ ਉਹ ਮਿਲਣਾ ਚਾਹੁੰਦਾ ਸੀ ਅਤੇ ਉਸ ਤੋਂ ਬਾਦ ਫੁੱਲਰਵਾਨ ਹੋ ਕੇ ਨਨਕਾਣਾ ਸਾਹਿਬ ਚੱਲਾਂਗੇ । ਜਦੋਂ ਅਸੀ ਆੜ੍ਹਤੀ ਕੋਲ ਗਏ ਤਾਂ ਉਹ ਆਪਣੀ ਦੁਕਾਨ ਵਿਚ ਹੀ ਸੀ, ਅਤੇ ਉਸ ਤਰਾਂ ਹੀ ਲੱਕੜ ਦੀ ਸੰਦੂਕੜੀ, ਅਤੇ ਲਾਲ-ਲਾਲ ਵਹੀਆਂ ਉਸ ਦੇ ਅੱਗੇ ਪਈਆਂ ਸਨ ਜਿਸ ਤਰਾਂ ਸਾਡੀਆਂ ਅਨਾਜ ਮੰਡੀਆਂ ਵਿਚ ਹੁੰਦੀਆਂ ਹਨ ਅਤੇ ਕੰਡਾ, ਵੱਟੇ ਅਤੇ ਬੋਰੀਆਂ ਦਾ ਬਾਰਦਾਨਾ ਸਭ ਕੁਝ ਉਸ ਤਰਾਂ ਦਾ ਹੀ ਮਹੌਲ ਸੀ, ਜੋ ਅਸੀ ਬਚਪਨ ਤੋਂ ਇਧਰ ਆਪਣੇ ਸ਼ਹਿਰ ਦੇ ਆੜ੍ਹਤੀਆਂ ਕੋਲ ਵੇਖਦੇ ਰਹੇ ਹਾਂ । ਮੈਨੂੰ ਵੇਖ ਕੇ ਉਹ ਬਹੁਤ ਖੁਸ਼ ਹੋਇਆ ਅਤੇ ਉਹ ਕਾਫੀ ਕੁਝ ਪੁੱਛਣ ਲਈ ਉਤਸੁਕ ਸੀ ਅਤੇ ਭਾਵੇਂ ਰੋਜਿਆਂ ਦੇ ਦਿਨ ਸਨ, ਪਰ ਉਸ ਨੇ ਇਕ ਲੜਕੇ ਨੂੰ ਭੇਜ ਕੇ ਇਕ ਡੂੰਨਾ ਜਲੇਬੀਆਂ, ਇਕ ਸਮੋਸਿਆਂ ਦਾ ਅਤੇ ਇਕ ਚਾਹ ਦਾ ਗਲਾਸ ਮੰਗਵਾ ਲਿਆ । ਜਦੋਂ ਮੈਂ ਉਸ ਨੂੰ ਦੱਸਿਆ ਕਿ ਮੈਂ ਫੁੱਲਰਵਾਨ ਪਿੰਡ ਵੇਖਣਾ ਚਾਹੁੰਦਾ ਹਾਂ ਤਾਂ ਉਸ ਨੇ ਫਿਰ ਉਹੋ ਸਵਾਲ ਕੀਤਾ ਕਿ ਕੋਈ ਤੁਹਾਨੂੰ ਉਥੇ ਜਾਣਦਾ ਹੈ ? ਅਤੇ ਨਾਲ ਹੀ ਕਹਿਣ ਲੱਗਾ ਕਿ ਹੁਣੇ ਹੀ ਫੁੱਲਰਵਾਨ ਦਾ ਇਕ ਜੱਟ ਉਸ ਕੋਲ ਆਇਆ ਸੀ ਅਤੇ ਉਹ ਡਾਕਟਰ ਕੋਲ ਗਿਆ ਹੈ ਅਤੇ ਉਸ ਨੇ ਉਸ ਲੜਕੇ ਨੂੰ ਉਸ ਨੂੰ ਬੁਲਾਉਣ ਭੇਜਿਆ ਅਤੇ ਦੱਸਣ ਲੱਗਾ ਕਿ ਫੁੱਲਰਵਾਨ ਦੇ ਜਿਆਦਾਤਰ ਲੋਕ ਆਪਣੀ ਫਸਲ ਉਸ ਦੀ ਆੜ੍ਹਤ ਤੇ ਹੀ ਲਿਆਉਂਦੇ ਹਨ, ਮੈਂ ਫਿਰ ਉਸ ਸਮੇਂ ਦੀ ਕਲਪਨਾ ਕਰਣ ਲੱਗਾ ਜਦੋਂ ਮੇਰੇ ਮਾਮਾ ਜੀ ਅਤੇ ਹੋਰ ਸਿੱਖ ਸਰਦਾਰ ਇੰਨਾ ਆੜ੍ਹਤਾਂ ਤੇ ਆਉਂਦੇ ਹੋਣਗੇ ਤਾਂ ਉਹ ਵਿਅਕਤੀ ਮੁਹੰਮਦ ਸ਼ਫੀ ਉਸ ਲੜਕੇ ਦੇ ਨਾਲ ਤੁਰਿਆ ਆ ਰਿਹਾ ਸੀ ਅਤੇ ਉਸ ਦਾ ਪਹਿਰਾਵਾ ਅਤੇ ਨੈਨ ਨਕਸ਼, ਕੱਦ ਕਾਠ, ਚੇਹਰਾ ਬਿਲਕੁਲ ਮਾਮਾ ਜੀ ਵਰਗਾ ਲੱਗਦਾ ਸੀ, ਉਸ ਨੇ ਪਗੜੀ ਵੀ ਬੰਨ੍ਹੀ ਹੋਈ ਸੀ ।

ਮੈਂ ਉਠ ਕੇ ਖੜਾ ਹੋ ਗਿਆ ਤਾਂ ਉਸ ਨੇ ਮੇਰੇ ਨਾਲ ਹੱਥ ਮਿਲਾਇਆ ਅਤੇ ਬੈਠਣ ਲਈ ਕਿਹਾ । ਆੜ੍ਹਤੀ ਨੇ ਉਸ ਨੂੰ ਦੱਸਿਆ ਕਿ ਇੰਨਾਂ ਸਰਦਾਰ ਹੁਰਾਂ ਦਾ ਨਾਨਕਾ ਪਿੰਡ ''ਫੁੱਲਰਵਾਨ'' ਹੈ। ਮੈਂ ਉਸ ਨੂੰ ਦੱਸਿਆ ਕਿ ਮੇਰੇ ਨਾਨਾ ਜੀ ਦਾ ਨਾਮ ਸ: ਬੇਲਾ ਸਿੰਘ ਸੀ, ਅਤੇ ਮਾਮਿਆਂ ਦੇ ਨਾਂ ਸਨ, ਕਰਮ ਸਿੰਘ, ਜਸਵੰਤ ਸਿੰਘ, ਗੁਰਚਰਨ ਸਿੰਘ ਅਤੇ ਉਹ ਵਿਰਕ ਸਨ । ਤਾਂ ਮੁਹੰਮਦ ਸਫੀ ਦੱਸਣ ਲੱਗਾ ਕਿ ਉਹ ਵੀ ਵਿਰਕ ਹੈ । ਉਹ ਪਿੰਡ ਦੇ ਜਿਆਦਾ ਲੋਕ ਵਿਰਕ ਹਨ, ਅਸਲ ਵਿਚ ਇਸ ਇਲਾਕੇ ਵਿਚ ਜਿਆਦਾ ਅਬਾਦੀ ਵਿਰਕਾਂ ਦੀ ਹੈ, ਇਥੋਂ ਦਾ ਐਮ.ਐਲ.ਏ ਅਤੇ ਸ਼ੇਖੂਪੁਰੇ ਦਾ ਐਮ.ਐਲ.ਏ ਵੀ ਵਿਰਕ ਹੈ, ਉਹ ਕਹਿਣ ਲੱਗਾ ਕਿ ਇਹ ਨਾ ਤਾਂ ਉਸ ਨੇ ਸੁਣੇ ਹੋਏ ਹਨ ਪਰ ਉਸ ਨੂੰ ਇਨਾਂ ਬਾਰੇ ਜਿਆਦਾ ਪਤਾ ਨਹੀਂ ਕਿਉਂ ਜੋ ਜਦੋਂ ਪਾਕਿਸਤਾਨ ਬਣਿਆ ਸੀ ਤਾਂ ਉਹ 7,8 ਸਾਲ ਦਾ ਹੀ ਸੀ । ਕੁਝ ਚਿਰ ਬਾਦ ਉਹ ਉੱਠਿਆ ਅਤੇ ਬਾਹਰ ਨੂੰ ਚਲਾ ਗਿਆ ਅਤੇ ਕਹਿਣ ਲੱਗਾ ਕਿ ਮੈਂ ਹੁਣੇ ਆਇਆ ਜੇ, ਅਸੀ ਸੋਚਿਆ ਕਿ ਸ਼ਾਇਦ ਉਹ ਕੋਈ ਸੁਨੇਹਾ ਦੇਣ ਗਿਆ ਹੈ ਪਰ ਕੁਝ ਮਿੰਟਾਂ ਬਾਦ ਉਸ ਦੇ ਇਕ ਹੱਥ ਜਲੇਬੀਆਂ ਅਤੇ ਸਮੋਚਿਆਂ ਦਾ ਡੂੰਨਾ ਅਤੇ ਇਕ ਹੱਥ ਵਿਚ ਚਾਹ ਦਾ ਗਿਲਾਸ ਸੀ । ਪਰ ਮੈਂ ਉਸ ਨੂੰ ਦੱਸਿਆ ਕਿ ਹੁਣ ਤਾਂ ਕੋਈ ਗੁੰਜਾਇਸ਼ ਹੀ ਨਹੀਂ, ਮੈਂ ਤਾਂ ਹੁਣੇ ਚਾਹ ਪੀਤੀ ਹੈ ਤਾਂ ਉਹ ਕਹਿਣ ਲੱਗਾ, ਬੇਸ਼ੱਕ ਪੀਤੀ ਹੈ ਪਰ ਇਹ ਕਿਸ ਤਰਾਂ ਹੋ ਸਕਦਾ ਹੈ ਕਿ ਵਿਰਕਾਂ ਦਾ ਦੋਹਤਰਾ ਹੋਵੇ ਤੇ ਸੁੱਕੇ ਮੂੰਹ ਚਲਾ ਜਾਵੇ'' ਫਿਰ ਉਹ ਪਿੰਡ ਲਿਜਾਣ ਦੀ ਜਿਦ ਕਰਣ ਲੱਗਾ ਪਰ ਮੇਰੇ ਨਾਲ ਦੇ ਡਰਾਈਵਰ ਅਤੇ ਉਹ ਦੋਵੇਂ ਵਿਅਕਤੀ ਵਾਪਿਸ ਲਹੌਰ ਰਾਤ ਤੋਂ ਪਹਿਲਾਂ ਪਹੁੰਚਣਾ ਚਾਹੁੰਦੇ ਸਨ । ਮੇਰਾ ਦਿਲ ਕਰਦਾ ਸੀ, ਉਸ ਕੋਲੋਂ ਬਹੁਤ ਕੁਝ ਪੁੱਛ ਲਵਾਂ ਭਾਵੇਂ ਕਿ ਮੈਂ ਕਿਸੇ ਵੀ ਵਿਅਕਤੀ ਨੂੰ ਨਹੀਂ ਸੀ ਜਾਣਦਾ, ਕਾਫੀ ਸਮਾਂ ਹੋ ਚੁੱਕਾ ਸੀ ਅਤੇ ਅਸੀ ਉਠ ਕੇ ਕਾਰ ਦੇ ਕੋਲ ਆ ਗਏ, ਜਦੋਂ ਮੈਂ ਕਾਰ ਦੀ ਬਾਰੀ ਖੋਲ ਕੇ ਕਾਰ ਵਿਚ ਬੈਠਣ ਵਾਲਾ ਸਾਂ ਤਾਂ ਮੁਹੰਮਦ ਸ਼ਫੀ ਨੇ ਕਮੀਜ ਚੁੱਕ ਕੇ ਫਤੂਹੀ ਵਿਚੋਂ ਬਟੂਆ ਕੱਢਿਆ, ਇਸ ਤਰਾਂ ਦੀ ਫਤੂਹੀ ਹੀ ਮਾਮਾ ਜੀ ਪਾਉਂਦੇ ਰਹੇ ਹਨ, ਅਤੇ ਉਸ ਨੇ ਬਟੂਏ ਵਿਚੋਂ ਪੰਜਾਹ ਰੁਪੈ ਦਾ ਨੋਟ ਕੱਢ ਕੇ ਮੇਰੇ ਵੱਲ ਕੀਤਾ ।'' ਇਹ ਕੀ ਇਸ ਤਰਾਂ ਨਹੀਂ ਹੋ ਸਕਦਾ, ਨਹੀਂ ਨਹੀਂ,'' ਮੈਂ ਕਹਿ ਰਿਹਾ ਸਾਂ ਪਰ ਬਦੋਬਦੀ ਉਹ ਪੰਜਾਹ ਦਾ ਨੋਟ ਮੇਰੀ ਜੇਬ ਵਿਚ ਪਾਉਂਦਿਆਂ ਹੋਇਆਂ ਕਹਿਣ ਲੱਗਾ ''ਇਹ ਕਿਸ ਤਰਾਂ ਹੋ ਸਕਦਾ ਹੈ, ਕਿ ਵਿਰਕਾਂ ਦਾ ਦੋਹਤਰਾ ਹੋਵੇ ਅਤੇ ਖਾਲੀ ਹੱਥ ਚਲਾ ਜਾਵੇ'' ਉਸ ਵੇਲੇ ਮੇਰਾ ਅਤੇ ਉਸ ਦਾ ਗਲਾ ਭਰਿਆ ਹੋਇਆ ਸੀ, ਨਾ ਮੈਂ ਕੁਝ ਕਹਿ ਸਕਿਆ, ਨਾ ਉਹ ਹੀ ਕੁਝ ਬੋਲਿਆ। ਕਾਰ ਵਿਚ ਆਉਂਦਿਆਂ ਬਹੁਤ ਚਿਰ ਮੈਂ ਨਹੀਂ ਬੋਲਿਆ ਅਤੇ ਰਾਤ ਨੂੰ ਜਦ ਲਹੌਰ ਸ਼ਹਿਰ ਵਿਚ ਅਸੀ ਸ਼ਹਿਰ ਦੀਆਂ ਜਗਮਗਾਉਂਦੀਆਂ ਸੜਕਾਂ ਤੇ ਦੌੜ ਰਹੇ ਸਾਂ ਤਾਂ ਮੈਨੂੰ ਮੁਹੰਮਦ ਸ਼ਫੀ ਦੇ ਉਹ ਲਫਜ਼ ਬਾਰ-ਬਾਰ ਯਾਦ ਆ ਰਹੇ ਸਨ, ''ਇਹ ਕਿਸ ਤਰਾਂ ਹੋ ਸਕਦਾ ਹੈ ਕਿ ''ਵਿਰਕਾਂ ਦਾ ਦੋਹਤਰਾ ਹੋਵੇ ਤੇ.......... ।''

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com

We Provide services:
- Corporation Registration
- Corporation Tax Returns
- Personal Tax Returns
- Accounting • Book - Keeping
- H.S.T • WSIB • T4 • E-File
- Assistance in Audit with CRA

CPA CHARTERED PROFESSIONAL ACCOUNTANTS


Kamaljeet Singh Saini CPA, CGA
Chartered Professional Accountants



Off: 905-799-6292
Email: kamalgirn@gmail.com

7956 Torbram Rd, Unit #209, Brampton, ON L6T 5A2 Fax: 905-291-0741

# ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਕਲਿਫਟਨ, ਕਰਾਚੀ




ਇਹ ਪਾਵਨ ਅਸਥਾਨ ਸਮੁੰਦਰ ਕਿਨਾਰੇ ਬਣੀ ਸੈਰਗਾਹ ਕਲਿਫਟਨ ਤੇ ਹੈ। ਇਹ ਇੱਕ ਬਹੁਤ ਹੀ ਮਸ਼ਹੂਰ ਥਾਂ ਹੈ, ਲੋਕ ਇੱਥੇ ਸੈਰ ਕਰਨ ਜਾਂਦੇ ਹਨ। ਲਿਫਟਨ ਸੈਰਗਾਹ ਦੀਆਂ ਪੌੜੀਆਂ ਤੋਂ ਇਹ ਅਸਥਾਨ ਤੁਹਾਡੇ ਖੱਬੇ ਹੱਥ ਇਸ ਨਾਲ ਜੁੜਿਆ ਹੋਇਆ ਹੈ। ਜਗਤ ਗੁਰੂ ਨਾਨਕ ਦੇਵ ਜੀ ਦੇ ਚਰਨ ਪਾਉਣ ਤੋਂ ਪਹਿਲਾਂ ਇੱਥੇ ਸਮੁੰਦਰ ਦੀ ਦੇਵੀ ਦਾ ਮੰਦਰ ਸੀ। ਸਮੁੰਦਰੀ ਜਹਾਜ਼ ਭੇਟਾ ਕਰਕੇ ਲੰਘਦੇ ਸਨ। ਇਸ ਮੰਦਰ ਅੰਦਰ ਕਦੇ ਕੋਈ ਮੂਰਤੀ ਨਹੀਂ ਰਹੀ, ਕੇਵਲ ਇੱਕ ਦੀਵਾ ਹੀ ਹੁੰਦਾ ਸੀ ਜਿਹਦੀ ਹਿੰਦੂ ਪੂਜਾ ਕਰਦੇ ਸਨ । ਸਿੰਧ ਦੇ ਹਾਕਮ ਤਾਲਪੁਰ ਵੱਲੋਂ ਸਾਢੇ ਸੱਤ ਸੇਰ ਤੇਲ ਹਰ ਮਹੀਨੇ ਇਸ ਦੀਵੇ ਵਾਸਤੇ ਦਿੱਤਾ ਜਾਂਦਾ ਸੀ । ਗੁਰੂ ਨਾਨਕ ਦੇਵ ਜੀ ਨੇ ਇੱਥੇ ਇਸ ਦੀਵੇ ਤੋਂ ਅੱਗੇ ਗੁਫਾ ਅੰਦਰ ਬਹਿ ਕੇ ਤਪ ਕੀਤਾ ਸੀ। ਹੁਣ ਉੱਥੇ ਇੱਕ ਦੀਵਾ ਜਗਦਾ ਰਹਿੰਦਾ ਹੈ ਜਿਹਨੂੰ ਗੁਰ ਜੋਤੀ ਆਖਿਆ ਜਾਂਦਾ ਹੈ। ਗੁਰਦੁਆਰੇ ਦੀ ਇਮਾਰਤ ਖੂਬਸੂਰਤ ਸੰਗਮਰਮਰ ਦੀ ਬਣੀ ਹੋਈ ਹੈ । 14 ਪੌੜੀਆ ਉਤਰਨ ਮਗਰੋਂ ਇੱਕ ਵੇਹੜਾ ਆਉਂਦਾ ਹੈ । ਇਸ ਵਿਹੜੇ ਤੋਂ ਥੱਲੇ ਫਿਰ 6 ਪੌੜੀਆਂ ਉਤਰਦੀਆਂ ਹਨ । ਇਸ ਤੋਂ ਅੱਗੇ ਇੱਕ ਹਾਲ ਕਮਰਾ ਹੈ। ਇਸ ਹਾਲ ਕਮਰੇ ਦੇ ਅਖੀਰ ਵਿੱਚ ਗੁਫਾ ਦਾ ਉਹ ਭਾਗ ਹੈ, ਜਿੱਥੇ ਸਤਿਗੁਰੂ ਜੀ ਨੇ ਬੈਠ ਕੇ ਤਪ ਕੀਤਾ ਸੀ। ਪੁਜਾਰੀ ਨਾਨਕ ਪੰਥੀ ਹਿੰਦੂ ਹਨ । ਇਸ ਅਸਥਾਨ ਨੂੰ ਅੱਜਕਲ ਸ੍ਰੀ ਰਤਨੇਸ਼ਵਰ ਮਹਾਂਦੇਵ ਟੈਪਲ ਆਖਿਆ ਜਾਦਾ ਹੈ।

# ਬ੍ਰਿਟੇਨ ਅਤੇ ਯੂਰਪ ਵਿਚਾਲੇ ਹੋਈ 'ਬਾਏ-ਬਾਏ', ਫਿਰ ਵੀ ਦੋਵੇਂ 'ਭਾਈ-ਭਾਈ'

-ਕ੍ਰਿਸ਼ਨ ਭਾਟੀਆ




ਬ੍ਰਿਟੇਨ ਨੇ ਯੂਰਪ ਛੱਡ ਦਿੱਤਾ ਹੈ। ਸ਼ੁੱਕਰਵਾਰ 31 ਜਨਵਰੀ ਵਿਸ਼ਵ ਇਤਿਹਾਸਕ ਦਾ ਦਿਨ ਅਜਿਹਾ ਰਹੇਗਾ, ਜਿਸ ਨੂੰ ਯਾਦ ਕਰਕੇ ਆਉਣ ਵਾਲਾ ਸਮਾਂ ਕਿਸੇ ਤਰਕ ਸੰਗਤ ਸਿੱਟੇ 'ਤੇ ਨਹੀਂ ਪਹੁੰਚ ਸਕੇਗਾ ਕਿ ਆਖਿਰ ਅਜਿਹਾ ਕੀ ਸੀ ਕਿ ਬ੍ਰਿਟੇਨ ਨੂੰ ਯੂਰਪੀਅਨ ਯੂਨਪੀਅਨ ਨੂੰ ਅਲਵਿਦਾ ਕਹਿਣ 'ਤੇ ਮਜਬੂਰ ਹੋਣਾ ਪਿਆ।

47 ਸਾਲ ਪਹਿਲਾਂ ਪਹਿਲੀ ਜਨਵਰੀ 1973 ਨੂੰ ਯੂਰਪੀਅਨ ਯੂਨੀਅਨ ਨੇ ਬ੍ਰਿਟੇਨ ਨੂੰ ਆਪਣੀ ਉਸ ਯੂਨੀਅਨ ਵਿੱਚ ਸ਼ਾਮਲ ਕੀਤਾ ਸੀ, ਜਿਸ ਨੂੰ ਉਦੋਂ ਯੂਰਪੀਅਨ ਕਾਮਨ ਮਾਰਕੀਟ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਉਦੋਂ ਉਸ ਯੂਨੀਅਨ ਦੀ ਗਿਣਤੀ ਸਿਰਫ ਛੇ ਸੀ। ਹੌਲੀ-ਹੌਲੀ ਹੋਰ ਦੇਸ਼ ਨਾਲ ਮਿਲਦੇ ਗਏ, ਕਾਰਵਾਂ ਵਧਦਾ ਗਿਆ ਅਤੇ ਮੈਂਬਰਾਂ ਦੀ ਗਿਣਤੀ 28 ਤੱਕ ਜਾ ਪਹੁੰਚੀ। ਵਿਚਾਲੇ ਜਿਹੇ ਦੋ-ਤਿੰਨ ਹਮਸਫਰ ਦੇਸ਼ ਸਾਥ ਛੱਡ ਗਏ ਪਰ ਸੰਸਥਾ ਦੇ ਰੂਪ ਵਿੱਚ ਯੂਰਪੀਅਨ ਯੂਨੀਅਨ ਦਾ ਪ੍ਰਭਾਵ ਲਗਾਤਾਰ ਵਧਦਾ ਚਲਾ ਗਿਆ ਅਤੇ ਅੱਜ ਉਹ ਵਿਸ਼ਵ ਦੇ ਸਭ ਤੋਂ ਵੱਡੇ ਸਿਆਸੀ ਅਤੇ ਵਪਾਰਕ ਸੰਗਠਨ ਦੇ ਤੌਰ 'ਤੇ ਇੱਕ ਪ੍ਰਬਲ ਸ਼ਕਤੀ ਬਣ ਕੇ ਖੜ੍ਹਾ ਹੋਇਆ ਹੈ।

ਬ੍ਰਿਟੇਨ ਦਾ ਯੂਰਪੀਅਨ ਯੂਨੀਅਨ ਵਿੱਚ ਸ਼ਾਮਲ ਹੋਣਾ ਅਤੇ ਉਸ ਤੋਂ ਜੁਦਾ ਹੋ ਜਾਣਾ, ਦੋਵੇਂ ਕਿਰਿਆਵਾਂ ਅਤਿਅੰਤ ਅਨੋਖੇ ਅੰਦਾਜ਼ ਵਿੱਚ ਹੋਈਆਂ ਹਨ। 1970 ਦੇ ਦਹਾਕੇ ਦੇ ਸ਼ੁਰੂ ਵਿੱਚ ਬ੍ਰਿਟੇਨ ਨੇ ਦੋ ਵਾਰ ਇਸ ਦਾ ਮੈਂਬਰ ਬਣਨ ਦਾ ਯਤਨ ਕੀਤਾ ਤ/ਾ ਅਸਫਲ ਰਿਹਾ। ਮੁੱਖ ਕਾਰਨ ਸੀ ਬ੍ਰਿਟੇਨ ਪ੍ਰਤੀ ਯੂਰਪ ਦੀ ਰਸਮੀ ਬੇਰੁਖ਼ੀ। ਸਾਲਾਂ ਤੋਂ ਦੋਵੇਂ ਭਿਆਨਕ ਜੰਗ ਕਰਦੇ ਚੱਲੇ ਆਏ ਸਨ। ਉਨ੍ਹਾਂ ਦੀ ਇਹੋ ਅੰਦਰੂਨੀ ਦੁਸ਼ਮਣੀ ਹੀ ਦੂਜੀ ਸੰਸਾਰ ਜੰਗ ਦਾ ਕਾਰਣ ਬਣੀ। ਜ਼ਿਆਦਾਤਰ ਯੂਰਪੀਨ ਲੋਕ ਅੰਗਰੇਜ਼ਾਂ ਨੂੰ ਦਿਲੋਂ ਪਸੰਦ ਨਹੀਂ ਕਰਦੇ ਤੇ ਨਾ ਅੰਗਰੇਜ਼ਾਂ ਦੇ ਦਿਲ ਵਿੱਚ ਯੂਰਪ ਦੇ ਲੋਕਾਂ ਪ੍ਰਤੀ ਕੋਈ ਖਾਸ ਮੁਹੱਬਤ ਸੀ, ਬੇਸ਼ੱਕ ਦੋਹਾਂ ਵਿੱਚ ਬੇਸ਼ੁਮਾਰ ਸਮਾਨਤਾਵਾਂ ਸਨ, ਜਿਵੇਂ ਭੂਗੋਲਿਕ ਨੇੜਤਾ, ਇੱਕ ਹੀ ਧਰਮ ਈਸਾਈ ਮਤ, ਰਹਿਣ-ਸਹਿਣ, ਰੀਤੀ-ਰਿਵਾਜ, ਹਰ ਯੂਰਪੀਨ ਦੇਸ਼ ਦੀ ਵੱਖ-ਵੱਖ ਭਾਸ਼ਾ ਦੇ ਬਾਵਜੂਦ ਸਾਂਝੀ ਭਾਸ਼ਾ ਅੰਗਰੇਜ਼ੀ, ਬ੍ਰਿਟਿਸ਼ ਅਤੇ ਯੂਰਪੀਅਨ ਲੋਕਾਂ ਵਿਚਾਲੇ ਬਿਨਾਂ ਕਿਸੇ ਅੜਿੱਕੇ ਦੇ ਸ਼ਾਦੀ-ਵਿਆਹ ਆਦਿ ਅਜਿਹੀਆਂ ਕਿੰਨੀਆਂ ਹੀ ਰਸਮਾਂ-ਰਿਵਾਜ ਹਨ, ਜੋ ਉਨ੍ਹਾਂ ਨੂੰ ਇੱਕ-ਦੂਜੇ ਤੋਂ ਦੂਰ ਰੱਖਣ ਦੀ ਬਜਾਏ ਨੇੜੇ ਲਿਆਉਣ ਵਿੱਚ ਸਹਾਇਕ ਬਣੇ।

ਯੂਰਪੀਅਨ ਯੂਨੀਅਨ ਦਾ ਮੈਂਬਰ ਬਣਨ ਦਾ ਬ੍ਰਿਟੇਨ ਨੇ ਤੀਜੀ ਵਾਰ ਯਤਨ 1973 ਵਿੱਚ ਕੀਤਾ ਤਾਂ ਰੈਫਰੈਂਡਮ ਹੋਇਆ, 67 ਫ਼ੀਸਦੀ ਜਨਤਾ ਨੇ ਪੱਖ 'ਚ ਵੋਟ ਪਾਈ। ਕਿੱਦਾਂ ਦੀ ਤ੍ਰਾਸਦੀ ਹੈ ਕਿ ਬ੍ਰਿਟੇਨ ਨੂੰ ਯੂਰਪੀਅਨ ਯੂਨੀਅਨ ਨੂੰ ਛੱਡਣਾ ਪਿਆ ਹੈ ਤਾਂ ਮਈ 2016 'ਚ ਹੋਏ ਰੈਫਰੈਂਡਮ ਵਿੱਚ ਮਾਮੂਲੀ ਵੋਟਾਂ ਦੇ ਫਰਕ ਨਾਲ 51 ਫ਼ੀਸਦੀ ਵੋਟਾਂ ਛੱਡਣ ਦੇ ਪੱਖ ਵਿੱਚ ਅਤੇ 49 ਫ਼ੀਸਦੀ ਯੂਰਪ ਦਾ ਅੰਗ ਬਣੇ ਰਹਿਣ ਦੇ ਹੱਕ 'ਚ ਪਈਆਂ। ਕਿਉਂਕਿ ਰੈਫਰੈਂਡਮ ਜਨਤਾ ਦਾ ਫ਼ੈਸਲਾ ਸੀ, ਸਰਕਾਰ ਨੂੰ ਉਸ ਨੂੰ ਸਵੀਕਾਰ ਕਰਨਾ ਪਿਆ। ਭਾਵੇਂ ਇਸ ਨੂੰ ਠੁਕਰਾਉਣ ਅਤੇ ਫਿਰ ਤੋਂ ਨਵਾਂ ਰੈਫਰੈਂਡਮ ਕਰਵਾ ਕੇ ਯੂਰਪੀਅਨ ਯੂਨੀਅਨ ਦਾ ਮੈਂਬਰ ਬਣੇ ਰਹਿਣ ਲਈ ਜਨਤਾ ਨੇ ਜ਼ਬਰਦਸਤ ਸੰਘਰਸ਼ ਕੀਤਾ, ਅੰਦੋਲਨ ਕੀਤੇ ਪਰ ਆਖਿਰ ਦੋਹਾਂ ਧਿਰਾਂ-ਬ੍ਰਿਟੇਨ ਤੇ ਯੂਰਪ ਨੂੰ ਜੁਦਾ ਹੋਣਾ ਪਿਆ ਅਤੇ ਉਹ ਵੀ ਕਿਸ ਕਾਰਨ? ਬ੍ਰਿਟਿਸ਼ ਸਿਆਸਤਦਾਨਾਂ ਦੇ ਇੱਕ ਛੋਟੇ ਜਿਹੇ ਵਰਗ, ਗਿਣਤੀ ਸਿਰਫ ਲੋਕਾਂ ਦੀ ਹੂੜਮਤ, ਜ਼ਿੱਦ ਅਤੇ ਯੂਰਪ ਵਿਰੋਧੀ ਮਾਨਸਿਕਤਾ ਦੇ ਅੱਗੇ ਝੁਕ ਕੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਨੂੰ ਰੈਫਰੈਂਡਮ ਕਰਵਾਉਣ ਲਈ ਮਜਬੂਰ ਹੋਣਾ ਪਿਆ।

1957 'ਚ ਯੂਰਪੀਅਨ ਯੂਨੀਅਨ ਦੀ ਸਥਾਪਨਾ ਦੇ ਰੂਪ ਵਿੱਚ ਮਨੁੱਖ ਦਾ ਇੱਕ ਮਹਾਨ ਸੁਪਨਾ ਸਾਕਾਰ ਹੋਇਆ ਸੀ। ਸ਼ਤਾਬਦੀਆਂ ਤੋਂ ਦੁਸ਼ਮਣੀ ਵਿੱਚ ਤਬਾਹੀ ਦੇ ਮਾਰਗ 'ਤੇ ਚੱਲਦੇ, ਜੰਗ ਤੇ ਲਗਾਤਾਰ ਲੜਾਈ-ਝਗੜਿਆਂ ਵਿੱਚ ਲੱਖਾਂ ਜਾਨਾਂ ਗੁਆ ਚੁੱਕੇ ਯੂਰਪ ਦੇ ਕੁਝ ਬੁੱਧੀਮਾਨ ਨੇਤਾਵਾਂ ਨੇ ਆਪੋ ਵਿੱਚ ਮਿਲ ਕੇ ਸ਼ਾਂਤੀ ਦਾ ਰਾਹ ਅਪਣਾਉਣ ਦਾ ਨਿਸ਼ਚਾ ਕਰਕੇ ਅਜਿਹੇ ਸਮਾਜ ਦੀ ਸਿਰਜਣਾ ਕਰਨ ਦਾ ਸ਼ਲਾਘਾ ਯੋਗ ਕੰਮ ਕੀਤਾ, ਜਿਸ ਵਿੱਚ ਯੂਰਪੀ ਦੇਸ਼ਾਂ ਵਿੱਚ ਦੋਸਤੀ ਵਧੇ, ਸਰਹੱਦੀ ਬੰਧਨ ਟੁੱਟਣ, ਇੱਕ-ਦੂਜੇ ਦੇ ਦੇਸ਼ ਵਿੱਚ ਆਉਣ-ਜਾਣ ਅਤੇ ਉਥੇ ਜਾ ਕੇ ਰਹਿਣ-ਵਸਣ, ਰੋਜ਼ਗਾਰ-ਨੌਕਰੀ 'ਤੇ ਕੋਈ ਪਾਬੰਦੀ ਨਾ ਹੋਵੇ, ਨਾ ਵੀਜ਼ੇ ਦੀ ਲੋੜ ਹੋਵੇ, ਨਾ ਪਾਸਪੋਰਟ ਦੀ, ਸਭ ਬਰਾਬਰ ਕਾਨੂੰਨ ਲਾਗੂ ਹੋਣ, ਰਾਸ਼ਟਰੀਅਤਾ, ਜਾਤੀ, ਰੰਗ, ਧਰਮ ਦਾ ਭੇਦ ਭਾਵ ਨਾ ਹੋਵੇ। ਕੁਝ ਰੂੜੀਵਾਦੀ ਸਿਆਸਤਦਾਨਾਂ ਦੇ ਇੱਕ ਵਰਗ ਨੂੰ ਇਤਰਾਜ਼ ਸੀ ਕਿ ਯੂਨੀਅਨ ਦੇ ਨਿਯਮ ਅਤੇ ਕਾਨੂੰਨ ਲਾਗੂ ਹੋਣ ਨਾਲ ਬ੍ਰਿਟੇਨ ਦੀ ਆਜ਼ਾਦੀ, ਪ੍ਰਭੂਸੱਤਾ 'ਤੇ ਯੂਰਪ ਦਾ ਕਬਜ਼ਾ ਹੋ ਗਿਆ ਹੈ। ਵਪਾਰ ਅਤੇ ਇਮੀਗ੍ਰੇਸ਼ਨ ਮੁੱਦਿਆਂ ਨੂੰ ਉਨ੍ਹਾਂ ਨੇ ਕੁਝ ਇਸ ਢੰਗ ਨਾਲ ਉਛਾਲਿਆ ਤੇ ਜਨਤਾ ਵਿੱਚ ਵਿਸ਼ਵਾਸ ਬਿਠਾਇਆ ਕਿ ਇਨ੍ਹਾਂ ਖੇਤਰਾਂ ਵਿੱਚ ਬ੍ਰਿਟੇਨ ਨੂੰ ਯੂਰਪੀਅਨ ਕਾਨੂੰਨਾਂ ਕਾਰਣ ਨੁਕਸਾਨ ਪਹੁੰਚ ਰਿਹਾ ਹੈ।

ਬ੍ਰਿਟੇਨ ਦੀ ਯੂਰਪੀਅਨ ਯੂਨੀਅਨ ਦੀ ਮੈਂਬਰਸ਼ਿਪ ਖਤਮ ਹੋਈ ਹੈ ਪਰ ਦੋਹਾਂ ਦਾ ਸਾਥ ਅਜੇ ਇਸ ਸਾਲ ਦੇ ਅਖੀਰ ਤੱਕ ਰਹੇਗਾ। ਬ੍ਰਿਟੇਨ 'ਤੇ 31 ਦਸੰਬਰ 2020 ਤੱਕ ਯੂਰਪੀਅਨ ਯੂਨੀਅਨ ਦੇ ਸਾਰੇ ਨਿਯਮ ਲਾਗੂ ਰਹਿਣਗੇ। ਯੂਰਪਨ ਅਤੇ ਬ੍ਰਿਟਿਸ਼ ਨਾਗਰਿਕਾਂ ਦਾ ਇੱਕ-ਦੂਜੇ ਦੇ ਦੇਸ਼ ਵਿੱਚ ਵੀਜ਼ਾ, ਪਾਸਪੋਰਟ ਤੇ ਬਿਨ੍ਹਾਂ ਆਉਣ-ਜਾਣਾ ਆਦਿ ਜਾਰੀ ਰਹੇਗਾ, ਜਿਵੇਂ ਅੱਜ ਹੈ। ਆਮ ਲੋਕਾਂ ਨੂੰ ਇਸ ਜੁਦਾਈ ਤੋਂ ਖੁਸ਼ੀ ਨਹੀਂ ਹੈ। ਜੇਕਰ ਖੁਸ਼ੀ ਕਿਸੇ ਨੂੰ ਹੋਈ ਹੈ ਤਾਂ ਸਿਰਫ਼ ਬ੍ਰੈਗਜ਼ਿਟ ਪਾਰਟੀ ਦੇ ਪ੍ਰਧਾਨ ਨਿਗੇਲ ਨੂੰ, ਜਿਨ੍ਹਾਂ ਨੇ ਬ੍ਰਿਟੇਨ ਦੀ ਯੂਰਪੀਅਨ ਮੈਂਬਰਸ਼ਿਪ ਖਤਮ ਕਰਾਉਣ ਲਈ ਦੇ ਲਈ ਅੰਦੋਲਨ ਚਲਾਇਆ ਹੋਇਆ ਸੀ। ਉਹ ਖ਼ੁਦ ਯੂਰਪੀਅਨ ਦਾ ਮੈਂਬਰ ਹੈ। ਉਸ ਨੇ ਕਿਹਾ ਕਿ ਮੈਨੂੰ ਖੁਸ਼ੀ ਹੈ ਕਿ ਬ੍ਰਿਟੇਨ ਯੂਰਪ 'ਚੋਂ ਨਿਕਲ ਆਇਆ ਹੈ। ਇਹ ਯੂਰਪੀਅਨ ਯੂਨੀਅਨ ਦੇ ਖਾਤਮੇ ਦੀ ਸ਼ੁਰੂਆਤ ਹੈ।

ਯੂਰਪੀਅਨ ਪਾਰਲੀਮੈਂਟ ਵਿੱਚ ਬ੍ਰਿਟੇਨ ਦੇ 73 ਮੈਂਬਰ ਹਨ। ਉਨ੍ਹਾਂ ਨੂੰ ਵਿਦਾਇਗੀ ਦੇਣ ਲਈ ਬ੍ਰਸੇਲਜ਼ ਵਿੱਚ ਯੂਰਪੀਅਨ ਪਾਰਲੀਮੈਂਟ ਦਾ ਵਿਸ਼ੇਸ਼ ਸਮਾਰੋਹ ਹੋਇਆ, ਜਿਸ 'ਚ ਕਈ ਮੈਂਬਰ ਇੰਨੇ ਭਾਵੁਕ ਹੋ ਗਏ ਕਿ ਆਪਣੇ ਹੰਝੂ ਨਾ ਰੋਕ ਸਕੇ। ਯੂਰਪੀਅਨ ਯੂਨੀਅਨ ਦੇ ਪ੍ਰਧਾਨ ਨੇ ਕਿਹਾ ਕਿ ਇਹ ਜੁਦਾਈ ਜ਼ਿਆਦਾ ਦੇਰ ਨਹੀਂ ਚੱਲਣ ਵਾਲੀ। ਮੈਨੂੰ ਆਸ ਹੈ ਕਿ ਬ੍ਰਿਟੇਨ ਛੇਤੀ ਹੀ ਫਿਰ ਤੋਂ ਆਣ ਮਿਲੇਗਾ।

# ਡਰਾਈਵਰ ਭਾਈਚਾਰੇ ਦੇ ਕਲਾਕਾਰ

-ਬਲਦੇਵ ਸਿੰਘ ਸੜਕਨਾਮਾ

ਕਲਕੱਤਾ ਮਹਾਨਗਰ ਵਿੱਚ ਰਹਿੰਦਿਆਂ ਅਜੀਬ ਜੁਗਾੜੂਆਂ ਨਾਲ ਵਾਹ ਪੈਂਦਾ ਰਿਹਾ ਹੈ। ਉਂਝ ਤਾਂ ਸਾਡੇ ਡਰਾਈਵਰ ਭਾਈਚਾਰੇ ਨੇ ਇਨ੍ਹਾਂ ਨੂੰ 'ਪਗਲੇ' ਦਾ ਖਿਤਾਬ ਦੇ ਕੇ ਮਾਣ ਦਿੱਤਾ ਹੈ, ਭਾਵੇਂ ਉਹ ਸੱਚਮੁੱਚ ਦੇ ਪਗਲੇ ਨਹੀਂ ਹੁੰਦੇ, ਪਰ ਉਹ ਪਗਲੇ ਹੋਣ ਦੀ ਨੌਟੰਕੀ ਖੂਬ ਕਰ ਲੈਂਦੇ ਹਨ। ਸਾਡੀ ਪੰਜਾਬੀ ਕਹਾਵਤ 'ਜੱਟ ਮਚਲਾ, ਖੁਦਾ ਨੂੰ ਲੈ ਗਏ ਚੋਰ' ਇਨ੍ਹਾਂ ਉਪਰ ਖੂਬ ਢੁਕਦੀ ਹੈ। ਆਪਣੇ ਆਪ ਨੂੰ ਬੁੱਧੀਮਾਨ ਸਮਝਦੇ ਬੰਗਾਲੀ, ਚਤੁਰ ਮਾਰਵਾੜੀ ਅਤੇ ਕਈ ਵਾਰ ਉੱਚੇ ਅਹੁਦੇ ਵਾਲੇ ਸਰਕਾਰੀ ਅਫਸਰਾਂ ਨੂੰ ਬੁੱਧੂ ਬਣਾਉਣਾ ਇਨ੍ਹਾਂ ਦਾ ਆਮ ਸ਼ੁਗਲ ਸੀ। ਟਰਾਂਸਪੋਰਟ ਭਾਈਚਾਰੇ ਦੇ ਇਹੋ ਜਿਹੇ ਜੁਗਾੜੂ ਲੋਕ ਮਚਲੇ ਤੇ ਪਗਲੇ ਡਰਾਈਵਰਾਂ ਦੇ ਅਸੁਰੱਖਿਅਤ ਜੀਵਨ ਦਾ ਮਨੋਰੰਜਨ ਵੀ ਕਰਦੇ ਸਨ।

ਅਜਿਹਾ ਹੀ ਇੱਕ ਜੁਗਾੜੂ ਮੈਨੂੰ ਅੱਜ ਵੀ ਯਾਦ ਆ ਰਿਹਾ ਹੈ। ਉਹ ਇੱਕ ਟਰੇਲਰ ਦਾ ਮਾਲਕ ਸੀ, ਡਰਾਈਵਰ ਵੀ ਆਪ ਸੀ। ਜਦੋਂ ਵੀ ਪੁੱਛਿਆ ਕਰੇ, ਏਹੀ ਪੁੱਛੇ: ਮਾਸਟਰਾ, ਖਾਣੀ ਭੋਰਾ। ਉਸ ਨੇ ਸਟੀਲ ਦੀ ਛੋਟੀ ਜਿਹੀ ਡੱਬੀ ਮੇਰੇ ਸਾਹਮਣੇ ਕਰ ਦੇਣੀ। ਮੈਂ ਧੁੜਧੜੀ ਜਿਹੀ ਲੈ ਕੇ ਸਿਰ ਫੇਰਦਿਆਂ ਕਹਿਣਾ, ਮੈਂ ਤਾਂ ਖਾਧੀ ਨ੍ਹੀਂ ਕਿਤੇ ਭਰਾਵਾ। ਉਸ ਨੇ ਤਨਜ਼ ਨਾਲ ਕਹਿ ਦੇਣਾ: ਤੈਥੋਂ ਖਾਧੀ ਵੀ ਨ੍ਹੀਂ ਜਾਣੀ। ਇਹ ਮੂਰਖਾਂ ਦੀ ਕਿਸਮਤ ਵਿੱਚ ਲਿਖੀਓ ਈ ਨ੍ਹੀਂ। ਰਾਜੇ ਮਹਾਰਾਜੇ ਛਕਦੇ ਹੁੰਦੇ ਸੀ ਜਾਂ ਫਿਰ ਅਸੀਂ ਛਕਦੇ ਆਂ। ਇਹ ਖਾ ਕੇ ਬਿਰਤੀ ਬੜੀ ਲੱਗਦੀ ਐ ਮਾਸਟਰਾ। ਸੁਣਿਐ ਤੂੰ ਕਵਿਤਾ ਕੁਵਤਾ ਲਿਖਦਾ ਹੁੰਨੈ। ਇੱਕ ਵਾਰ ਖਾ ਕੇ ਵੇਖੀਂ। ਇਹਦੇ ਫੈਦੇ ਬੜੇ ਐ। ਬਲੱਡ ਪ੍ਰੈਸ਼ਰ ਨ੍ਹੀਂ ਹੁੰਦਾ। ਸ਼ੂਗਰ ਕਦੇ ਨੇੜੇ ਨ੍ਹੀਂ ਆਉਂਦੀ, ਹੱਟ-ਅਟੈਕ (ਹਰਟ-ਅਟੈਕ) ਨ੍ਹੀਂ ਹੁੰਦਾ। ਜਿਹੜਾ ਬੰਦਾ ਇਹ ਖਾਂਦੈ, ਉਹਨੂੰ ਕਦੇ ਮੋਕ ਨ੍ਹੀਂ ਲੱਗਦੀ ਜਿਸ ਨੂੰ ਪੜ੍ਹੇ ਲਿਖੇ ਤੇਰੇ ਵਰਗੇ ਲੂਜ਼-ਮੋਸ਼ਨ ਕਹਿੰਦੇ ਹੁੰਦੇ ਐ।'

ਸਿਫਤਾਂ ਉਸ ਨੇ ਇਸ ਤੇਰ੍ਹਵੇਂ ਰਤਨ ਦੀਆਂ ਹੋਰ ਵੀ ਬਹੁਤ ਕੀਤੀਆਂ ਸਨ, ਜੋ ਸਾਂਝੀਆਂ ਕਰਨ ਵਾਲੀਆਂ ਨਹੀਂ। ਇਹ ਸਭ ਦੱਸਦਾ ਜੁਗਾੜੂ ਪਹਿਲਾਂ ਮਿੰਨਾ-ਮਿੰਨਾ ਹੱਸਦਾ, ਫਿਰ ਖੁੱਲ੍ਹ ਕੇ ਖਿੜ-ਖਿੜ ਕੇ ਹੱਸਣ ਲੱਗਦਾ। ਮੈਨੂੰ ਬੇ-ਯਕੀਨਾ ਜਿਹਾ ਬੈਠਾ ਵੇਖ ਕੇ ਉਸ ਨੇ ਆਖਿਆ, 'ਐਂ ਕੀ ਝ ਕਦੈਂ? ਪਰਤਿਆ ਕੇ ਵੇਖ ਲਈਂ। ਗੱਲਾਂ ਝੂਠੀਆਂ ਨਿਕਲੀਆਂ ਤਾਂ ਜੋ ਸਜ਼ਾ ਕਾਲੇ ਚੋਰ ਦੀ, ਉਹ ਮੇਰੀ।' ਉਹ ਹਿੱਕ ਥਾਪੜਦਾ।

ਖੈਰ, ਕਲਕੱਤੇ ਤਾਂ ਮੈਂ ਉਸ ਦੇ ਗੇੜ ਵਿੱਚ ਨਾ ਆਇਆ। 1985 ਵਿੱਚ ਮੈਂ ਪੰਜਾਬ ਆ ਗਿਆ, ਉਥੋਂ ਦਾ ਸਾਰਾ ਕਾਰੋਬਾਰ ਸਮੇਟ ਦਿੱਤਾ। ਇੱਕ ਦਿਨ ਉਹ ਮੋਗਾ ਬਸ ਸਟੈਂਡ ਉਤੇ ਮਿਲ ਗਿਆ। ਕਲਕੱਤੇ ਉਹ ਘੋਨ-ਮੋਨ ਹੁੰਦਾ ਸੀ। ਉਹ ਪੂਰਾ ਸਿੰਘ ਸਜਿਆ ਹੋਇਆ ਸੀ। ਉਸ ਨੇ ਹੀ ਮੈਨੂੰ ਬੁਲਾਇਆ, "ਮਾਸਟਰਾ, ਪਛਾਣਦਾ ਈ ਨ੍ਹੀਂ।"

ਮੈਂ ਹੈਰਾਨ, ਕਿੱਥੇ ਉਹ ਰੂਪ, ਕਿੱਥੇ ਇਹ ਰੂਪ। ਫਿਰ ਤਾਂ ਜੱਫੀ ਪਾ ਕੇ ਮਿਲੇ। ਚਾਹ ਪੀਂਦਿਆਂ ਪੁੱਛਿਆ, "ਕੀ ਹਾਲ ਐ ਕਲਕੱਤੇ ਦਾ? ਕਾਰੋਬਾਰ ਕਿਵੇਂ ਐ?"




"ਘਾਈਆਂ ਨੇ ਘਾਹ ਹੀ ਖੋਤਣਾ ਐ ਮਾਸਟਰਾ। ਊਂ '84 ਤੋਂ ਬਾਅਦ ਆਪਣੇ ਬੰਦੇ ਟਰਾਂਸਪੋਰਟ 'ਚੋਂ ਨਿਕਲਣ ਲੱਗੇ ਹਨ। ਆਪਣੇ ਲੋਕ ਵੱਡੇ ਠੇਕੇਦਾਰ ਬਣੀ ਜਾਂਦੇ ਨੇ। ਊਂ ਆਪਣੇ ਕੰਮ ਦੇ ਵੀਹ ਪੰਗੇ ਐ। ਦਫਤਰ ਬਣਾਓ, ਟੈਲੀਫੋਨ ਲਵਾਓ, ਕੰਪਿਊਟਰ ਰੱਖੋ, ਮੁਲਾਜ਼ਮ ਰੱਖੋ। ਆਪਾਂ ਉਸੇ ਮਾਰਵਾੜੀ ਕੋਲ ਐਂ। ਨਾ ਮੇਰਾ ਉਹਦੇ ਬਿਨਾਂ ਸਰੇ, ਨਾ ਓਹਦਾ ਮੇਰੇ ਬਿਨਾਂ ਸਰੇ। ਟਰੇਲਰ ਲੋਡ੍ਹ ਕਰ ਕੇ ਤੋਰ ਦੇਈਦੈ, ਭਾੜਾ ਚੁੱਕ ਲਈਦੈ।"

"ਉਹ ਤਾਂ ਭਾੜਾ ਈ ਨ੍ਹੀਂ ਸੀ ਦਿੰਦਾ ਹੁੰਦਾ, ਕੜ੍ਹੀ ਘੋਲੇ ਬਿਨਾਂ। ਤੇਰੇ ਕਿਵੇਂ ਲੋਟ ਆ ਗਿਆ?" ਮੈਂ ਛੇੜਿਆ।

"ਵੇਖ ਲਾ, ਉਹ ਤਾਂ ਸਾਰੇ ਮੈਨੂੰ ਪਗਲਾ ਆਖਦੈ ਐ।" ਉਸ ਨੇ ਮੁੱਛਾਂ 'ਤੇ ਹੱਥ ਫੇੜ ਕੇ ਦਾੜ੍ਹ ਨੂੰ ਮੁੱਠ ਵਿੱਚ ਲੈ ਕੇ ਸੰਵਾਰਿਆ। ਉਸ ਮਾਰਵਾੜੀ ਨੂੰ ਮੈਂ ਐਹੋ ਜਾ ਸਿੱਧਾ ਕੀਤਾ, ਜੇ ਮੈਂ ਉਹਦੇ ਦਫਤਰ ਵਿੱਚ ਜਾਵਾਂ ਤਾਂ ਕੁਰਸੀ ਛੱਡ ਕੇ ਆਖੂ, ਸਰਦਾਰ ਜੀ ਇਧਰ ਬੈਠੋ ਮਾਰ੍ਹੀ ਕੁਰਸੀ ਮਾ।" ਉਹ ਪਹਿਲਾਂ ਵਾਂਗ ਹੀ ਖੁੱਲ੍ਹ ਕੇ ਹੱਸਿਆ।

"ਐਨਾ ਲੋਟ ਕਿਵੇਂ ਆ ਗਿਆ ਤੇਰੇ?" ਮੈਂ ਪੁੱਛਿਆ।

"ਤੂੰ ਤਾਂ ਛੱਡ ਆਇਆ ਕਲਕੱਤੇ, ਹੋ ਗਿਆ ਭਗੌੜਾ। ਸਾਡਾ ਤਾਂ ਜੀਣਾ ਵੀ ਉਥੇ ਤੇ ਮਰਨਾ ਵੀ ਉਥੇ ਵਾਲਾ ਸਿਦਕ ਸੀ। ਮਾਰਵਾੜੀ ਸੂਤ ਕਰਨ ਦੀ ਗੱਲ ਇਉਂ ਹੋਈ।" ਉਹ ਨਿੱਠ ਕੇ ਬੈਠ ਗਿਆ। ਜੇਬ ਵਿੱਚੋਂ ਜਰਦੇ ਦੀ ਪੁੜੀ ਕੱਢੀ ਤੇ ਤਲੀ 'ਤੇ ਰੱਖ ਕੇ ਅੰਗੂਠੇ ਨਾਲ ਮਸਲਣ ਲੱਗ ਪਿਆ।

"ਜਿਹੜਾ ਤੂੰ ਰੂਪ ਬਣਾਈ ਫਿਰਦੈਂ, ਆਹ ਵਹਿਬਤਾਂ ਛੱਡ ਦੇ?"

ਉਹ ਹੱਸਿਆ, "ਇਹ ਤਾਂ ਬੂਟੀ ਐ, ਜ਼ਮੀਨ 'ਚ ਉਂਗਦੀ ਐ, ਤੂੰ ਮਾਰਵਾੜੀ ਦੀ ਗੱਲ ਸੁਣ। ਉਸ ਨੇ ਪੂਰੇ ਸ਼ਿਪ ਦਾ ਠੇਕਾ ਲੈ ਲਿਆ, ਮਾਲ ਚੁੱਕਣ ਦਾ। ਮਾਲ ਉੜੀਸਾ ਜਾਣਾ ਸੀ। ਕਿਸੇ ਪਾਵਰ ਪਲਾਂਟ ਦੀਆਂ ਮਸ਼ੀਨਾਂ, ਪੰਜਾਹ ਪੰਜਾਹ ਟਨ ਦਾ ਇੱਕ ਪੀਸ ਹੋਊਗਾ। ਮੈਂ ਵੀ ਟਰੇਲਰ ਲੋਡ੍ਹ ਕਰ ਲਿਆ। ਭਾੜਾ ਚੰਗਾ ਸੀ। ਮੈਨੂੰ ਦੂਜੇ ਟਰੇਲਰ ਵਾਲੇ ਆਂਹਦੇ, ਪਗਲਿਆ, ਮਾਰਵਾੜੀ ਤੇਰਾ ਭਾੜਾ ਮਾਰੂ, ਵੇਖ ਲੀਂ। ਮੈਂ ਮਾਰਵਾੜੀ ਕੋਲੋਂ ਪਹਿਲੇ ਵੀ ਦੋ ਗੇੜਿਆਂ ਦਾ ਵੀਹ ਹਜ਼ਾਰ ਲੈਣਾ ਸੀ। ਅੱਜਕੱਲ੍ਹ ਕਰਦੇ ਨੇ ਦੋ ਮਹੀਨੇ ਲੰਘਾ ਦਿੱਤੇ।"

ਉਹ ਬੋਲਿਆ, "ਮਾਸਟਰਾ, ਮੈਂ ਐਡਵਾਂਸ ਲਿਆ ਤੇ ਉੜੀਸਾ ਬਾਰਡਰ 'ਤੇ ਜਾ ਕੇ ਟਰੇਲਰ ਇੱਕ ਢਾਬੇ 'ਤੇ ਖੜ੍ਹਾ ਕਰ ਕੇ ਤਿੰਨ ਦਿਨਾਂ ਪਿੱਛੋਂ ਮਾਰਵਾੜੀ ਕੋਲ ਆ ਗਿਆ। ਮੈਨੂੰ ਵੇਖਦਿਆਂ ਬੋਲਿਆ, ਅਰੇ ਪਗਲੇ ਇਤਨੀ ਜਲਦੀ ਖਾਲ੍ਹੀ ਕਰ ਆਇਆ? ਮੈਂ ਢਿੱਲਾ ਜਿਹਾ ਮੂੰਹ ਬਣਾ ਕੇ ਕਿਹਾ, ਸੇਠਾ ਟਰੇਲਰ ਰਸਤੇ 'ਚ ਟੇਢਾ ਹੋ ਗਿਆ ਤੇ ਮਾਲ ਹੇਠਾਂ ਡਿੱਗ ਪਿਆ। ਮਾਰਵਾੜੀ ਦੇ ਪੈਰਾਂ ਹੇਠੋਂ ਧਰਤੀ ਨਿਕਲ ਗਈ। ਉਹ ਦਫਤਰ 'ਚ ਈ ਪਿੱਟਣ ਲੱਗ ਪਿਆ। ਮਾਰੇਗਾ ਮਾਰ੍ਹੇ ਕੋ? ਕਰੋੜੋਂ ਕਾ ਮਾਲ ਹੈ। ਮੇਰੀ ਜੇਬ 'ਚ ਮੂੰਗਫਲੀ ਸੀ। ਮੈਂ ਸਿਧਰਾ ਜਿਹਾ ਬਣ ਕੇ ਮੂੰਗਫਲੀ ਖਾਣ ਲੱਗਾ। ਉਹ ਭੜਕ ਕੇ ਬੋਲਿਆ, ਤੁਮ ਸਾਲਾ ਮੂੰਗਫਲੀ ਖਾ ਰਹਾ ਹੈ, ਉਧਰ ਕਰੋੜੋਂ ਕਾ ਮਸ਼ੀਨਰੀ ਹੈ, ਕਲੇਮ ਹੋ ਗਯਾ ਤੋ ਰਾਜਸਥਾਨ ਵਾਲਾ ਘਰ, ਜ਼ਮੀਨ ਬੇਚ ਕਰ ਭੀ ਖਹਿੜਾ ਨਹੀਂ ਛੂਟੇਗਾ। ਮੈਂ ਕਿਹਾ, ਟਰੇਲਰ 'ਤੇ ਦੁਬਾਰਾ ਲੋਡ੍ਹ ਕਰਨਾ ਪਊਗਾ ਮਾਲ।' ਉਹ ਫੇਰ ਟੱਪਿਆ, ਅਰੇ ਇਤਨੇ ਭਾਰੀ ਪੀਸ ਕੌਨ ਉਠਾਏਗਾ? ਕਰੇਨ ਕਹਾਂ ਸੇ ਆਊ? ਅਰੇ ਪਗਲੇ ਤੂੰ ਮਰਵਾਏਗਾ ਮੁਝੇ, ਕੁਛ ਕਰੋ। ਮੇਰਾ ਅੰਦਰੋਂ ਹਾਸਾ ਨਿਕਲੀ ਜਾਵੇ। ਕਿਵੇਂ ਮੋਕ ਮਾਰੀ ਜਾਂਦੈ। ਮੈਂ ਆਖਿਆ, ਕਰੇਨ ਦਾ ਪਤਾ ਕਰ ਲਿਐ ਹੈ, ਉਹ ਦੁਬਾਰਾ ਲੋਡ੍ਹ ਕਰਨ ਦਾ 20 ਹਜ਼ਾਰ ਮੰਗਦੈ। ਸੇਠ ਬੋਲਿਆ: ਦੇ ਦਿਓ, ਦੇ ਦਿਓ, ਜਲਦੀ ਕਰੋ, ਜਾਓ। ਮੈਨੂੰ ਦਫਤਰ ਵਿੱਚੋਂ ਕੱਢਣ ਲਈ ਉਸਨੇ ਜਲਦੀ ਜਲਦੀ ਹੱਥ ਮਾਰੇ। ਮੈਂ ਕਿਹਾ, ਮੇਰੇ ਕੋਲ ਕੀ ਹੈ ਬੈਂਗਣ, ਕਿੱਥੋਂ ਦੇਵਾਂ? ਮੈਂ ਫੇਰ ਮੂੰਗਫਲੀ ਖਾਣ ਲੱਗਾ। ਫੇਰ ਉਹ ਆਪਣੇ ਕੈਸ਼ੀਅਰ ਨੂੰ ਬੋਲਿਆ, ਸ਼ਾਂਤੀ ਬਾਬੂ ਪਗਲੇ ਕੋ 20 ਹਜ਼ਾਰ ਦੋ ਜਲਦੀ। ਯੇ ਪੰਜਾਬੀ ਲੋਕ ਭੀ, ਹਮਾਰਾ ਕਾਰੋਬਾਰ ਬਰਬਾਦ ਹੋ ਰਹਾ ਹੈ, ਯੇ ਮੂੰਗਫਲੀ ਖਾ ਰਹਾ ਹੈ। ਪੈਸੇ ਲੈ ਕੇ ਜਲਦੀ ਨਿਕਲੋ। ਮੈਂ ਵੀਹ ਹਜ਼ਾਰ ਜੇਬ 'ਚ ਪਾਇਆ। ਫਿਰ ਸੇਠ ਕੋਲ ਜਾ ਕੇ ਕਿਹਾ, ਸੇਠਾ ਮੇਰਾ ਬਕਾਇਆ ਭਾੜਾ 20 ਹਜ਼ਾਰ ਵੀ ਦੇ ਦੇ। ਪਿੰਡੋਂ ਬਾਪੂ ਆਇਆ ਬੈਠਾ ਪੈਸੇ ਲੈਣ। ਉਸ ਨੇ ਪਿੰਡ ਮੁੜਨੈ ਛੇਤੀ। ਜਿੰਨੀ ਦੇਰ ਉਹ ਜਾਂਦਾ ਨ੍ਹੀਂ, ਮੈਂ ਟਰੇਲਰ ਕੋਲ ਕਿਵੇਂ ਜਾਊਂ? ਸੇਠ ਫਿਰ ਬੋਲਿਆ, ਅਰੇ ਸ਼ਾਂਤੀ ਬਾਬੂ 20 ਹਜ਼ਾਰ ਹੋ ਦੇ ਕੇ ਦਫਾ ਕਰ ਇਸ ਕੋ ਜਲਦੀ। ਜਦੋਂ ਮੈਂ ਵਾਊਚਰ 'ਤੇ ਸਾਈਨ ਕਰਨ ਲੱਗਾ ਤਾਂ ਆਂਹਦਾ, ਪਗਲੇ ਮਾਲ ਜ਼ਰਾ ਧਿਆਨ ਸੇ ਲੋਡ੍ਹ ਕਰਵਾਨਾ, 11 ਕਰੋੜ ਕਾ ਮਾਲ ਹੈ। ਅੱਠਵੇਂ ਦਿਨ ਮਾਲ ਉਤਾਰ ਕੇ ਜਦੋਂ ਮੈਂ ਟਰਾਂਸਪੋਰਟ 'ਤੇ ਆ ਕੇ ਚਲਾਨ ਜਮ੍ਹਾ ਕਰਾਇਆ ਤਾਂ ਬਾਕੀ ਭਾੜਾ ਲੈ ਲਿਆ। ਮਹੀਨੇ ਕੁ ਬਾਅਦ ਕਿਸੇ ਨੇ ਮਾਰਵਾੜੀ ਕੋਲ ਚੁਗਲੀ ਕਰਤੀ। ਮਾਰਵਾੜੀ ਆਂਹਦਾ; ਪਗਲੇ ਤੂ ਤੋ ਮੇਰਾ ਵੀ ਬਾਪ ਨਿਕਲੀਓ। ਫੇਰ ਸਾਡੀ ਆੜੀ ਪੈ ਗਈ। ਜਦੋਂ ਵੀ ਕੋਈ ਮੁਸੀਬਤ ਪੈਂਦੀ ਆ, ਝੱਟ ਫੋਨ ਕਰੂ।"

"ਤੇਰੀ ਹੋਰ ਸੇਵਾ ਦੱਸ ਕੀ ਕਰਾਂ?" ਮੈਂ ਹੱਸਦਿਆਂ ਪੁੱਛਿਆ।

"ਰੀਠੇ ਜਿੰਨੀ ਖਾਧੀ ਐ। ਸਰੀਰ ਦੇ ਅੰਗ ਬਹੁੜੀ-ਬਹੁੜੀ ਕਰਦੇ ਐ। ਮੈਂ ਇੱਕ ਰਿਸ਼ਤੇਦਾਰ ਕੋਲ ਜਾ ਆਵਾਂ।"

ਉਹ ਉਠਿਆ ਤੇ ਟਰੱਕ ਤੇ ਪਿੱਛੇ ਲਿਖੇ 'ਫਿਰ ਮਿਲਾਂਗੇ' ਵਾਂਗ ਹੱਥ ਹਿਲਾ ਕੇ ਤੁਰ ਗਿਆ।

## ਹਲਕਾ ਫੁਲਕਾ



ਗੋਲੂ, "ਕੁਤੁਬ ਮੀਨਾਰ ਕਿੱਥੇ ਹੈ?"
ਭੋਲੂ, "ਪਤਾ ਨਹੀਂ?"
ਗੋਲੂ, "ਕਦੇ ਘਰ ਤੋਂ ਬਾਹਰ ਵੀ ਨਿਕਲਿਆ ਕਰੋ।"
ਭੋਲੂ, "ਤੁਸੀਂ ਦੱਸੋ ਕਿ ਕੁਤਬ ਮੀਨਾਰ ਕਿੱਥੇ ਹੈ?"
ਗੋਲੂ, "ਪਤਾ ਨਹੀਂ?"
ਭੋਲੂ, "ਫਿਰ ਬਾਹਰ ਫਿਰਦੇ ਰਹਿਣ ਦਾ ਤੁਹਾਨੂੰ ਕੀ ਫਾਇਦਾ ਹੋਇਆ, ਘਰੇ ਬੈਠਿਆ ਕਰੋ?"

*********

ਫੇਰੀਵਾਲਾ, "ਜਨਾਬ, ਤੁਹਾਨੂੰ ਮੈਂ ਪੰਜਾਹ ਰੁਪਏ ਕਿਲੋ ਸੇਬ ਕਿਵੇਂ ਦੇ ਦੇਵਾਂ? 50 ਰੁਪਏ ਦੇ ਕਿਲੋ ਤਾਂ ਮੈਨੂੰ ਘਰ ਪੈਂਦੇ ਹਨ।"
ਮੋਹਨ ਲਾਲ, "...ਤਾਂ ਆਪਣੇ ਘਰ ਦਾ ਪਤਾ ਦੱਸ ਦਿਓ, ਉਥੋਂ ਆ ਕੇ ਲੈ ਜਾਵਾਂਗਾ।"

*********

ਬਿਮਲਾ ਨੇ ਆਪਣੀ ਬੇਟੀ ਨੂੰ ਸਮਝਾਉਂਦੇ ਹੋਏ ਕਿਹਾ, "ਬੇਟੀ, ਘਰ 'ਚ ਕਾਇਦੇ ਨਾਲ ਰਹਿਣਾ ਚਾਹੀਦਾ ਹੈ। ਤੈਨੂੰ ਮੇਰੀ ਹਰ ਗੱਲ ਮੰਨਣੀ ਚਾਹੀਦੀ ਹੈ।"
ਬੇਟੀ ਨੇ ਸਿਰ ਹਿਲਾਉਂਦੇ ਹੋਏ ਕਿਹਾ, "ਮੈਂ ਸਮਝ ਗਈ ਮੰਮੀ, ਜਿਸ ਤਰ੍ਹਾਂ ਪਾਪਾ ਮੰਨਦੇ ਹਨ।"

## ਬੁਲੇਟ ਮੋਟਰ ਸਾਈਕਲ ਤੇ ਸਕੂਟੀ ਦੀ ਟੱਕਰ ਵਿੱਚ ਹਵਾਲਦਾਰ ਦੀ ਮੌਤ

ਗੁਰਾਇਆ, 4 ਫਰਵਰੀ (ਪੋਸਟ ਬਿਊਰੋ)- ਬੁਲੇਟ ਮੋਟਰ ਸਾਈਕਲ 'ਤੇ ਜਾਂਦੇ ਇੱਕ ਪੁਲਸ ਹੈੱਡ ਕਾਂਸਟੇਬਲ ਦੀ ਹਾਦਸੇ ਵਿੱਚ ਮੌਤ ਹੋ ਗਈ। ਇਹ ਹਾਦਸਾ ਪਿੰਡ ਸੰਗ ਢੇਸੀਆਂ ਵਿਖੇ ਵਾਪਰਿਆ।

ਮਿਲੀ ਜਾਣਕਾਰੀ ਅਨੁਸਾਰ ਸਤਨਾਮ ਸਿੰਘ ਪੁੱਤਰ ਭਜਨ ਸਿੰਘ ਵਾਸੀ ਰੁੜਕਾ ਕਲਾਂ, ਜਿਹੜਾ ਪੰਜਾਬ ਪੁਲਸ ਵਿੱਚ ਹਵਲਾਦਾਰ ਸੀ, ਗੁਰਾਇਆ ਤੋਂ ਰੁੜਕਾ ਕਲਾਂ ਵੱਲ ਜਾ ਰਿਹਾ ਸੀ ਕਿ ਉਸ ਦਾ ਮੋਟਰ ਸਾਈਕਲ ਇੱਕ ਸਕੂਟੀ ਵਿੱਚ ਜਾ ਵੱਜਾ, ਜਿਸ ਕਰ ਕੇ ਉਹ ਗੰਭੀਰ ਜ਼ਖਮੀ ਹੋ ਗਿਆ। ਉਸ ਨੂੰ ਲੋਕ ਫਗਵਾੜਾ ਹਸਪਤਾਲ ਲੈ ਗਏ, ਜਿੱਥੇ ਰੈਫਰ ਕਰਨ 'ਤੇ ਉਸ ਨੂੰ ਜਲੰਧਰ ਦੇ ਪ੍ਰਾਈਵੇਟ ਹਸਪਤਾਲ ਵਿਖੇ ਭਰਤੀ ਕਰਾਇਆ ਗਿਆ, ਪਰ ਗੰਭੀਰ ਸੱਟ ਹੋਣ ਕਾਰਨ ਮੌਤ ਹੋ ਗਈ। ਗੁਰਾਇਆ ਪੁਲਸ ਨੇ ਉਸ ਦੇ ਪਰਵਾਰਕ ਮੈਂਬਰਾਂ ਵੱਲੋਂ ਦਿੱਤੇ ਬਿਆਨਾਂ ਦੇ ਆਧਾਰ 'ਤੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਢੱਡਰੀਆਂਵਾਲਾ ਵਿਵਾਦ

## ਸਿੱਖ ਕਥਾ ਵਾਚਕ ਨੂੰ ਪੱਖ ਪੇਸ਼ ਕਰਨ ਲਈ ਇੱਕ ਮਹੀਨੇ ਦਾ ਸਮਾਂ ਹੋਰ ਦੇ ਦਿੱਤਾ ਗਿਆ



ਅੰਮ੍ਰਿਤਸਰ, 4 ਫਰਵਰੀ (ਪੋਸਟ ਬਿਊਰੋ)-ਸ੍ਰੀ ਅਕਾਲ ਤਖ਼ਤ ਵੱਲੋਂ ਬਣਾਈ ਪੰਜ ਮੈਂਬਰੀ ਕਮੇਟੀ ਨੇ ਸਿੱਖ ਕਥਾ ਵਾਚਕ ਸੰਤ ਰਣਜੀਤ ਸਿੰਘ ਢੱਡਰੀਆਂਵਾਲਾ ਨਾਲ ਚੱਲਦੇ ਵਿਵਾਦ ਦੇ ਬਾਰੇ ਉਸ ਨੂੰ ਇੱਕ ਮਹੀਨੇ ਦਾ ਹੋਰ ਸਮਾਂ ਦੇ ਕੇ ਆਪਣੀ ਸੌਖ ਮੁਤਾਬਕ ਦਿਨ ਅਤੇ ਸਮਾਂ ਤੈਅ ਕਰਕੇ ਸਬ-ਕਮੇਟੀ ਨਾਲ ਸੰਪਰਕ ਕਰਨ ਲਈ ਕਿਹਾ ਹੈ।

ਇਸ ਸਬੰਧੀ ਵਿੱਚ ਸ੍ਰੀ ਅਕਾਲ ਤਖਤ ਵੱਲੋਂ ਬਣਾਈ ਸਬ-ਕਮੇਟੀ ਦੇ ਕੋਆਰਡੀਨੇਟਰ ਡਾਕਟਰ ਚਮਕੌਰ ਸਿੰਘ ਨੇ ਦੱਸਿਆ ਕਿ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਨੂੰ ਕੱਲ੍ਹ ਇੱਕ ਚਿੱਠੀ ਉਨ੍ਹਾਂ ਦੇ ਜ਼ਿਲ੍ਹਾ ਪਟਿਆਲਾ ਵਿੱਚ ਪਿੰਡ ਸ਼ੇਖ਼ੂਪੁਰ ਦੇ ਗੁਰਦੁਆਰਾ ਪਰਮੇਸ਼ਵਰ ਦੁਆਰ ਦੇ ਪਤੇ 'ਤੇ ਭੇਜੀ ਗਈ ਹੈ। ਇਸ ਵਿੱਚ ਉਨ੍ਹਾਂ ਨੂੰ ਲਿਖਿਆ ਹੈ ਕਿ ਉਹ ਆਪਣੀ ਸੌਖ ਦੇ ਮੁਤਾਬਕ ਦਿਨ ਅਤੇ ਸਮਾਂ ਤੈਅ ਕਰਕੇ ਇੱਕ ਮਹੀਨੇ ਅੰਦਰ ਦੱਸਣ ਤਾਂ ਜੋ ਪਟਿਆਲਾ ਦੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਇਸ ਬਾਰੇ ਚਰਚਾ ਕੀਤੀ ਜਾ ਸਕੇ। ਉਨ੍ਹਾਂ ਲਿਖਿਆ ਕਿ ਅਕਾਲ ਤਖ਼ਤ ਵੱਲੋਂ ਬਣਾਈ ਪੰਜ ਵਿਦਵਾਨਾਂ ਦੀ ਸਬ-ਕਮੇਟੀ ਨੇ ਦੋ ਫਰਵਰੀ ਨੂੰ ਮੀਟਿੰਗ ਕੀਤੀ ਹੈ ਤੇ ਕਮੇਟੀ ਨਿਵੇਕਲੇ ਰੂਪ ਵਿੱਚ ਬੈਠ ਕੇ ਸਾਰਥਕ ਵਿਚਾਰ-ਵਟਾਂਦਰਾ ਕਰਨਾ ਚਾਹੁੰਦੀ ਹੈ। ਉਨ੍ਹਾਂ ਦੱਸਿਆ ਕਿ ਸਬ-ਕਮੇਟੀ ਨੇ ਪਹਿਲਾਂ 22 ਦਸੰਬਰ ਨੂੰ ਮੀਟਿੰਗ ਰੱਖੀ ਸੀ, ਪਰ ਉਹ ਹਾਜ਼ਰ ਨਹੀਂ ਹੋਏ। ਫਿਰ ਪੰਜ ਜਨਵਰੀ ਨੂੰ ਮੀਟਿੰਗ ਰੱਖੀ ਸੀ, ਪਰ ਉਨ੍ਹਾਂ ਨੇ ਕੋਈ ਸੂਚਨਾ ਨਹੀਂ ਦਿੱਤੀ। ਤੀਜੀ ਵਾਰ ਇਸ ਸਬ-ਕਮੇਟੀ ਦੇ ਮੈਂਬਰਾਂ ਨੇ ਲੁਧਿਆਣਾ ਵਿੱਚ ਦੋ ਫਰਵਰੀ ਨੂੰ ਵਿਚਾਰ ਕੀਤੀ ਤੇ ਆਖਿਆ ਕਿ ਹਾਲੇ ਤੱਕ ਇਸ ਕੇਸ ਵਿੱਚ ਸੰਤ ਢੱਡਰੀਆਂ ਨੇ ਵੱਲੋਂ ਕੋਈ ਹਾਂ-ਪੱਖੀ ਹੁੰਗਾਰਾ ਨਹੀਂ ਦਿੱਤਾ, ਇਸ ਦੇ ਬਾਵਜੂਦ ਸਬ-ਕਮੇਟੀ ਨੇ ਫ਼ੈਸਲਾ ਲਿਆ ਹੈ ਕਿ ਇਸ ਕੇਸ ਬਾਰੇ ਰਿਪੋਰਟ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਦੇਣ ਤੋਂ ਪਹਿਲਾਂ ਉਸ ਨੂੰ ਵਿਚਾਰ-ਚਰਚਾ ਲਈ ਮੁਲਾਕਾਤ ਕਰਨ ਦਾ ਇੱਕ ਹੋਰ ਮੌਕਾ ਦਿੱਤਾ ਜਾਵੇ, ਜਿਸ ਲਈ ਇੱਕ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ। ਇਸ ਵਾਰ ਉਸ ਨੂੰ ਆਪਣੀ ਸੌਖ ਦੇ ਮੁਤਾਬਕ ਦਿਨ ਅਤੇ ਸਮਾਂ ਤੈਅ ਕਰਕੇ ਸਬ-ਕਮੇਟੀ ਨਾਲ ਵਿਚਾਰ ਕਰਨ ਲਈ ਸੰਪਰਕ ਕਰਨ ਲਈ ਕਿਹਾ ਗਿਆ ਹੈ।

ਵਰਨਣ ਯੋਗ ਹੈ ਕਿ ਕਈ ਦੇਸ਼ਾਂ ਦੇ ਸਿੱਖ ਪ੍ਰਚਾਰਕਾਂ ਨੇ ਢੱਡਰੀਆਂਵਾਲਾ ਖ਼ਿਲਾਫ਼ ਸ਼ਿਕਾਇਤਾਂ ਕੀਤੀਆਂ ਸਨ। ਇਸ ਮਾਮਲੇ ਨੂੰ ਵਿਚਾਰਨ ਲਈ ਸ੍ਰੀ ਅਕਾਲ ਤਖ਼ਤ ਵੱਲੋਂ ਸਿੱਖ ਵਿਦਾਵਾਨਾਂ ਦੀ ਪੰਜ ਮੈਂਬਰੀ ਕਮੇਟੀ ਬਣਾਈ ਗਈ ਸੀ।

## ਨਵਜੋਤ ਸਿੱਧੂ ਚੋਣ ਪ੍ਰਚਾਰ ਲਈ ਦਿੱਲੀ ਨਹੀਂ ਜਾਣਗੇ



ਚੰਡੀਗੜ੍ਹ, 4 ਫਰਵਰੀ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਲੋਕਲ ਬਾਡੀਜ਼ ਮੰਤਰੀ ਅਤੇ ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਇਸ ਵਾਰੀ ਦਿੱਲੀ ਵਿਧਾਨ ਸਭਾ ਦੀਆਂ 8 ਫਰਵਰੀ ਨੂੰ ਹੋਣ ਵਾਲੀਆਂ ਚੋਣਾਂ ਲਈ ਕਾਂਗਰਸ ਦੇ ਸਟਾਰ ਪ੍ਰਚਾਰਕ ਦੇ ਤੌਰ 'ਤੇ ਦਿੱਲੀ ਨਹੀਂ ਜਾ ਰਹੇ।

ਨਵਜੋਤ ਸਿੰਘ ਸਿੱਧੂ ਦੇ ਪੀ ਏ ਗੌਰਵ ਨੇ ਕੱਲ੍ਹ ਏਥੇ ਦੱਸਿਆ ਕਿ ਸਿੱਧੂ ਚੋਣ ਪ੍ਰਚਾਰ ਲਈ ਦਿੱਲੀ ਨਹੀਂ ਜਾ ਰਹੇ, ਪਰ ਉਨ੍ਹਾਂ ਨੇ ਇਸ ਦਾ ਕੋਈ ਕਾਰਨ ਨਹੀਂ ਦੱਸਿਆ। ਵਰਨਣ ਯੋਗ ਹੈ ਕਿ ਕਾਂਗਰਸ ਪਾਰਟੀ ਨੇ ਜਿਹੜੀ ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ ਕੀਤੀ ਸੀ, ਉਸ ਵਿੱਚ ਨਵਜੋਤ ਸਿੰਘ ਸਿੱਧੂ ਦਾ ਨਾਂਅ ਵੀ ਸ਼ਾਮਲ ਸੀ, ਪਰ ਉਹ ਇਸ ਬਾਰੇ ਚੁੱਪ ਧਾਰਨ ਕਰ ਕੇ ਬੈਠੇ ਹੋਏ ਹਨ। ਪਿਛਲੇ ਲਗਭਗ ਛੇ ਮਹੀਨਿਆਂ ਤੋਂ ਕਾਂਗਰਸ ਦੇ ਵਿਧਾਇਕਾਂ, ਮੰਤਰੀਆਂ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨਾਲ ਵੀ ਉਨ੍ਹਾਂ ਦਾ ਕੋਈ ਸੰਪਰਕ ਨਹੀਂ ਹੈ। ਉਹ ਪੱਤਰਕਾਰਾਂ ਨੂੰ ਵੀ ਘੱਟ ਮਿਲਦੇ ਹਨ। ਪਿਛਲੇ ਕਈ ਮਹੀਨਿਆਂ ਤੋਂ ਪੰਜਾਬ ਵਿਧਾਨ ਸਭਾ ਦੇ ਜਿੰਨੇ ਵੀ ਸੈਸ਼ਨ ਹੋਏ ਹਨ, ਉਨ੍ਹਾਂ ਵਿੱਚ ਉਹ ਹਿੱਸਾ ਨਹੀਂ ਲੈਂਦੇ ਰਹੇ।

ਇਸ ਬਾਰੇ ਕਾਂਗਰਸੀ ਹਲਕਿਆਂ ਦਾ ਕਹਿਣਾ ਹੈ ਕਿ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨੇ ਨਵਜੋਤ ਸਿੰਘ ਸਿੱਧੂ ਨੂੰ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਕੁਝ ਕਰਕੇ ਦਿਖਾਉਣ ਦਾ ਇਹ ਸੁਨਹਿਰੀ ਮੌਕਾ ਦਿੱਤਾ ਸੀ, ਪਰ ਸਿੱਧੂ ਨੇ ਇਸ ਦਾ ਵੀ ਫਾਇਦਾ ਨਹੀਂ ਉਠਾਇਆ। ਦੂਸਰੀਆਂ ਕਈ ਪਾਰਟੀ ਨਵਜੋਤ ਸਿੰਘ ਸਿੱਧੂ ਨੂੰ ਆਪੋ ਆਪਣੇ ਨਾਲ ਜੁੜਨ ਦਾ ਖੁੱਲ੍ਹਾ ਸੱਦਾ ਦੇ ਰਹੀਆਂ ਹਨ, ਸਿੱਧੂ ਇਸ ਬਾਰੇ ਵੀ ਖੁੱਲ੍ਹੇਆਮ ਕੁਝ ਨਹੀਂ ਕਹਿ ਰਹੇ।

## ਪਾਕਿਸਤਾਨ ਤੋਂ ਆਏ ਮਾਪਿਆਂ ਨੂੰ ਨਾਗਰਿਕਤਾ ਮਿਲੀ, ਬੱਚੇ ਹਾਲੇ ਵੀ ਵਾਂਝੇ

ਚੰਡੀਗੜ੍ਹ, 4 ਫਰਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਨਵੇਂ ਬਣਾਏ ਗਏ ਨਾਗਰਿਕਤਾ ਸੋਧ ਕਾਨੂੰਨ ਬਾਰੇ ਜਿੱਥੇ ਇਕ ਪਾਸੇ ਪੂਰੇ ਦੇਸ਼ ਵਿੱਚ ਤਨਾਅ ਬਣਿਆ ਪਿਆ ਹੈ, ਓਥੇ ਪਾਕਿਸਤਾਨ ਤੋਂ ਆ ਕੇ ਵਸੇ ਮਾਪਿਆਂ ਨੂੰ ਨਾਗਰਿਕਤਾ ਮਿਲ ਗਈ ਹੈ, ਪਰ ਉਨ੍ਹਾਂ ਦੇ ਬੱਚੇ ਹਾਲੇ ਵੀ ਇਸ ਤੋਂ ਵਾਂਝੇ ਹਨ।

ਅਜਿਹਾ ਇੱਕ ਮਾਮਲਾ ਜੋਧਪੁਰ ਤੋਂ ਸਾਹਮਣੇ ਆਇਆ ਹੈ। ਇਸ ਕੇਸ ਵਿੱਚ ਰਜਨੀ ਦੇ ਪਰਿਵਾਰ ਨੂੰ ਨਾਗਰਿਕਤਾ ਦੇ ਦਿੱਤੀ ਗਈ, ਪਰ ਰਜਨੀ ਨੂੰ ਇਸ ਤੋਂ ਵਾਂਝੇ ਰੱਖਿਆ ਗਿਆ ਹੈ। ਅਸਲ ਵਿੱਚ ਰਜਨੀ ਉਰਫ ਨਾਜੋ ਮਾਈ ਜਦੋਂ 7 ਸਾਲ ਦੀ ਸੀ ਤਾਂ ਉਹ ਆਪਣੇ ਪਿਤਾ ਬਰਮਲ ਰਾਮ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਨਾਲ ਪਾਕਿਸਤਾਨ ਤੋਂ ਆਣ ਕੇ ਭਾਰਤ ਵਿੱਚ ਰਹਿਣ ਲੱਗੀ ਸੀ। ਸਾਲ 2004 ਵਿੱਚ ਰਜਨੀ ਨੇ ਰਾਮ ਚੰਦਰ ਦੇ ਨਾਲ ਵਿਆਹ ਕਰਵਾ ਲਿਆ, ਜਿਸ ਦਾ ਪਰਿਵਾਰ ਸਾਲ 1998 ਵਿੱਚ ਪਾਕਿਸਤਾਨ ਦੇ ਰਹੀਮ ਯਾਰ ਖਾਨ ਤੋਂ ਆਣ ਕੇ ਹਰਿਆਣਾ ਦੇ ਜ਼ਿਲਾ ਸਿਰਸਾ ਦੇ ਏਲਨਾਬਾਦ ਕਸਬੇ ਵਿੱਚ ਵੱਸ ਗਿਆ ਸੀ। ਰਾਮ ਚੰਦਰ ਨਾਲ ਉਸ ਦੇ ਵਿਆਹ ਦੇ ਲਗਭਗ ਇਕ ਸਾਲ ਬਾਅਦ ਸਰਕਾਰ ਨੇ ਰਾਜਸਥਾਨ ਵਿੱਚ ਵਸਦੇ ਪਾਕਿਸਤਾਨੀ ਹਿੰਦੂਆਂ ਨੂੰ ਭਾਰਤ ਦੀ ਨਾਗਰਿਕਤਾ ਦੇਣ ਦਾ ਕੰਮ ਸ਼ੁਰੂ ਕੀਤਾ। ਓਦੋਂ ਰਾਜ ਵਿੱਚ ਵਸੁੰਧਰਾ ਰਾਜੇ ਸਿੰਧੀਆ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਸੀ। ਰਜਨੀ ਦੇ ਪਿਤਾ, ਭਰਾ ਤੇ ਉਸ ਦੇ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਨਾਗਰਿਕਤਾ ਦੇ ਸਰਟੀਫਿਕੇਟ ਮਿਲ ਗਏ, ਪਰ ਵਿਆਹ ਕਰਨ ਕਰ ਕੇ ਉਸ ਨੂੰ ਛੱਡ ਦਿੱਤਾ ਗਿਆ।

ਰਜਨੀ ਵਾਂਗ ਹੀ 8 ਹੋਰ ਔਰਤਾਂ ਇੱਛਰਾਂ, ਲਕਸ਼ਮੀ, ਦੇਵੀ, ਠਾਕਰੀ, ਨਿਰਮਲਾ, ਇੰਦਰਾ ਦੇਵੀ, ਕੌਸ਼ਲਿਆ ਅਤੇ ਬਾਸ਼ਿਆ ਨੂੰ ਵੀ ਇਸੇ ਆਧਾਰ ਉੱਤੇ ਨਾਗਰਿਕਤਾ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਰਜਨੀ ਦਾ ਪਤੀ ਚੰਦਰ ਜੁੱਤੀਆਂ ਬਣਾ ਕੇ ਆਪਣਾ ਗੁਜ਼ਾਰਾ ਕਰਦਾ ਹੈ। ਉਸ ਨੇ ਦੱਸਿਆ ਕਿ ਮੈਂ ਆਪਣੇ ਪਰਿਵਾਰ ਨਾਲ ਅਧਿਕਾਰੀਆਂ ਕੋਲ ਜਾ ਕੇ ਆਪਣੀ ਪਤਨੀ ਨੂੰ ਨਾਗਰਿਕਤਾ ਦੇਣ ਦੀ ਬੇਨਤੀ ਕੀਤੀ, ਪਰ ਉਨ੍ਹਾਂ ਨੇ ਇਸ ਤੋਂ ਇਨਕਾਰ ਕਰ ਦਿੱਤਾ, ਕਿਉਂਕਿ ਉਸ ਨੇ ਸੂਬੇ ਤੋਂ ਬਾਹਰ ਕਿਸੇ ਦੂਜੇ ਵਿਅਕਤੀ ਨਾਲ ਵਿਆਹ ਕਰਵਾ ਲਿਆ ਸੀ।

ਵਰਨਣ ਯੋਗ ਹੈ ਕਿ ਨਰਿੰਦਰ ਮੋਦੀ ਸਰਕਾਰ ਨੇ ਜਿਹੜਾ ਨਵਾਂ ਨਾਗਰਿਕਤਾ ਸੋਧ ਕਾਨੂੰਨ ਲਿਆਂਦਾ ਹੈ, ਉਸ ਵਿੱਚ ਪਾਕਿਸਤਾਨ, ਆਫਿਗਾਨਿਸਤਾਨ ਅਤੇ ਬੰਗਲਾ ਦੇਸ਼ ਤੋਂ ਆਏ ਪੀੜਤ ਸ਼ਰਨਾਰਥੀਆਂ ਨੂੰ ਨਾਗਰਿਕਤਾ ਦੇਣ ਦੀ ਗੱਲ ਦਰਜ ਹੈ। ਰਾਜਸਥਾਨ ਵਿੱਚ ਸੈਂਕੜੇ ਪਾਕਿਸਤਾਨੀ ਸ਼ਰਨਾਰਥੀਆਂ ਨੂੰ ਨਾਗਰਿਕਤਾ ਦੇ ਦਿੱਤੀ ਗਈ, ਪਰ ਹਰਿਆਣਾ ਵਿੱਚ ਰਹਿਣ ਵਾਲੇ ਪਾਕਿਸਤਾਨੀ ਲੋਕਾਂ ਨੂੰ ਛੱਡ ਦਿੱਤਾ ਗਿਆ ਹੈ।

## ਕੈਨੇਡਾ ਤੋਂ ਮੁੜੇ ਕੰਗ ਸਾਹਬੂ ਦੇ ਸਾਬਕਾ ਸਰਪੰਚ ਦੀ ਹਾਦਸੇ ਵਿੱਚ ਮੌਤ

ਨਕੋਦਰ, 4 ਫਰਵਰੀ (ਪੋਸਟ ਬਿਊਰੋ)- ਕੱਲ੍ਹ ਨਕੋਦਰ-ਜਲੰਧਰ ਮਾਰਗ 'ਤੇ ਪਿੰਡ ਕੰਗ ਸਾਹਬੂ ਨੇੜੇ ਟਾਟਾ ਸਫਾਰੀ ਅਤੇ ਐਕਟਿਵਾ ਦੀ ਟੱਕਰ ਵਿੱਚ ਪਿੰਡ ਕੰਗ ਸਾਹਬੂ ਦੇ ਸਾਬਕਾ ਸਰਪੰਚ ਕੇਵਲ ਸਿੰਘ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ। ਮ੍ਰਿਤਕ ਕੁਝ ਦਿਨ ਪਹਿਲਾਂ ਹੀ ਕੈਨੇਡਾ ਤੋਂ ਆਇਆ ਸੀ। ਏ ਐਸ ਆਈ ਮਨਜੀਤ ਸਿੰਘ ਸਮੇਤ ਪੁਲਸ ਪਾਰਟੀ ਮੌਕੇ 'ਤੇ ਪਹੁੰਚੇ ਤੇ ਹਾਦਸੇ ਵਿੱਚ ਨੁਕਸਾਨੇ ਵਾਹਨ ਕਬਜ਼ੇ ਵਿੱਚ ਲੈ ਕੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਹੈ। ਮ੍ਰਿਤਕ ਦੇ ਭਤੀਜੇ ਗੁਰਮੇਜ ਸਿੰਘ ਪੁੱਤਰ ਨਿਰੰਜਣ ਸਿੰਘ ਪਿੰਡ ਕੰਗ ਸਾਹਬੂ ਨੇ ਪੁਲਸ ਨੂੰ ਦੱਸਿਆ ਕਿ ਕੱਲ੍ਹ ਮੇਰਾ ਚਾਚਾ ਕੇਵਲ ਸਿੰਘ ਸਾਡੇ ਰਿਸ਼ਤੇਦਾਰ ਕੋਲ ਫੰਕਸ਼ਨ 'ਚ ਸ਼ਾਮਲ ਹੋਣ ਲਈ ਆਪਣੀ ਐਕਟਿਵਾ 'ਤੇ ਜਾ ਰਹੇ ਸਨ ਅਤੇ ਮੈਂ ਆਪਣੇ ਮੋਟਰ ਸਾਈਕਲ 'ਤੇ ਉਨ੍ਹਾਂ ਦੇ ਮਗਰ ਜਾ ਰਿਹਾ ਸੀ। ਲਗਭਗ 11.30 ਵਜੇ ਨਕੋਦਰ-ਜਲੰਧਰ ਜੀ ਟੀ ਰੋਡ ਉਤੇ ਪਿੰਡ ਕੰਗ ਸਾਹਬੂ ਸਾਈਡ ਤੋਂ ਆਈ ਤੇਜ਼ ਰਫਤਾਰ ਸਫਾਰੀ ਕਾਰ ਦੇ ਚਾਲਕ ਨੇ ਪਿੱਛੋਂ ਮੇਰੇ ਚਾਚੇ ਦੀ ਐਕਟਿਵਾ ਨੂੰ ਟੱਕਰ ਮਾਰੀ। ਇਸ ਹਾਦਸੇ ਨਾਲ ਮੇਰਾ ਚਾਚਾ ਸੜਕ 'ਤੇ ਡਿੱਗ ਪਿਆ ਅਤੇ ਉਸ ਦੇ ਸਿਰ ਅਤੇ ਸਰੀਰ 'ਤੇ ਕਾਫੀ ਗੰਭੀਰ ਸੱਟਾਂ ਲੱਗੀਆਂ। ਮੈਂ ਚਾਚੇ ਨੂੰ ਸਿਵਲ ਹਸਪਤਾਲ ਲੈ ਕੇ ਆ ਰਿਹਾ ਸੀ, ਪਰ ਉਸ ਦੀ ਰਸਤੇ ਵਿਚ ਮੌਤ ਹੋ ਗਈ।

## ਬੀਕਾਨੇਰ ਕੈਂਸਰ ਹਸਪਤਾਲ ਵਿੱਚ ਚੱਲਦਾ ਲੰਗਰ ਪ੍ਰਸ਼ਾਸਨ ਨੇ ਬੰਦ ਕਰਵਾ ਕੇ ਸ਼ੈੱਡ ਪੁਟਵਾਏ

ਤਲਵੰਡੀ ਸਾਬੋ, 4 ਫਰਵਰੀ (ਪੋਸਟ ਬਿਊਰੋ)- ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੇ 15 ਪਿੰਡਾਂ ਦੀਆਂ ਸੰਗਤਾਂ ਵੱਲੋਂ ਲੰਬੇ ਸਮੇਂ ਤੋਂ ਰਾਜਸਥਾਨ ਦੇ ਬੀਕਾਨੇਰ ਵਾਲੇ ਕੈਂਸਰ ਹਸਪਤਾਲ ਵਿੱਚ ਮਰੀਜ਼ਾਂ ਲਈ ਚਲਾਇਆ ਜਾਂਦਾ ਲੰਗਰ ਨੂੰ ਓਥੋਂ ਦੀ ਸਰਕਾਰ ਨੇ ਬੰਦ ਕਰ ਦਿੱਤਾ ਅਤੇ ਪ੍ਰਸ਼ਾਸਨ ਨੇ ਲੰਗਰ ਲਈ ਲਾਏ ਗਏ ਸ਼ੈੱਡ ਪੁਟਵਾ ਦਿੱਤੇ ਹਨ।

ਵਰਨਣ ਯੋਗ ਹੈ ਕਿ ਨੇੜਲੇ ਪਿੰਡ ਕੌਰੇਆਣਾ ਦੇ ਨੌਜਵਾਨਾਂ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਵੈਲਫੇਅਰ ਸੁਸਾਇਟੀ ਬਣਾ ਕੇ 14 ਪਿੰਡਾਂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਪਿਛਲੇ ਛੇ ਸਾਲਾਂ ਤੋਂ ਬੀਕਾਨੇਰ ਦੇ ਕੈਂਸਰ ਹਸਪਤਾਲ ਵਿੱਚ ਲੰਗਰ ਚਲਾ ਰੱਖਿਆ ਸੀ, ਜਿਸ ਵਿੱਚ 1000 ਦੇ ਕੀਰਬ ਮਰੀਜ਼ ਤੇ ਉਨ੍ਹਾਂ ਦੇ ਵਾਰਿਸ ਲੰਗਰ ਅਤੇ ਚਾਹ ਪਾਣੀ ਛਕਦੇ ਹਨ। ਬੀਤੇ ਸਮੇਂ ਵਿੱਚ ਵੀ ਉਕਤ ਲੰਗਰ ਨੂੰ ਚੁੱਕਣ ਦੇ ਹੁਕਮ ਹਸਪਤਾਲ ਪ੍ਰਸ਼ਾਸਨ ਨੇ ਦਿੱਤੇ ਸਨ, ਪਰ ਓਦੋਂ ਹਲਕੇ ਦੇ ਸਾਬਕਾ ਵਿਧਾਇਕ ਨੇ ਬੀਕਾਨੇਰ ਦੇ ਪਾਰਲੀਮੈਂਟ ਮੈਂਬਰ ਅਤੇ ਕੇਂਦਰੀ ਮੰਤਰੀ ਅਰਜੁਨ ਰਾਮ ਮੇਘਵਾਲ ਅਤੇ ਜੈਪੁਰ ਵਿਖੇ ਸੈਕਟਰੀ ਸਿਹਤ ਵਿਭਾਗ ਨੂੰ ਮਿਲ ਕੇ ਲੰਗਰ ਬਹਾਲ ਕਰਵਾ ਦਿੱਤਾ ਸੀ। ਲੰਗਰ ਕਮੇਟੀ ਦੇ ਆਗੂਆਂ ਦੇ ਦੱਸਣ ਅਨੁਸਾਰ ਕੱਲ੍ਹ ਹਸਪਤਾਲ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਲੰਗਰ ਬੰਦ ਕਰਨ ਦੇ ਫਿਰ ਹੁਕਮ ਸੁਣਾ ਦਿੱਤੇ ਅਤੇ ਬੀਕਾਨੇਰ ਦੇ ਡਿਪਟੀ ਕਮਿਸ਼ਨਰ ਨੇ ਲੰਗਰ ਪ੍ਰਬੰਧਕਾਂ ਨੂੰ ਲੰਗਰ ਦਾ ਸਮੁੱਚੇ ਸਾਮਾਨ ਚੁੱਕਣ ਦੀ ਹਦਾਇਤ ਕਰ ਕੇ ਸ਼ੈਡ ਪੁੱਟਣ ਦੇ ਹੁਕਮ ਦੇ ਦਿੱਤੇ। ਲੰਗਰ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਬਾਅਦ ਵਿੱਚ ਕੋਲ ਖੜੋ ਕੇ ਸ਼ੈਡ ਪੁਟਵਾ ਦਿੱਤੇ, ਜਿਸ ਨਾਲ ਲੰਗਰ ਲਈ ਲਾਈਆਂ ਲੱਖਾਂ ਰੁਪਏ ਦੀਆਂ ਮਸ਼ੀਨਾਂ ਖੁੱਲ੍ਹੇ ਆਸਮਾਨ ਹੇਠ ਆ ਗਈਆਂ ਅਤੇ ਸਾਮਾਨ ਰੁਲ ਗਿਆ ਹੈ।

## ਮੰਨਾ ਕਤਲ ਕਾਂਡ ਦਾ ਦੋਸ਼ੀ ਰਾਜੂ ਬਿਸੌਦੀ ਥਾਈਲੈਂਡ ਵਿੱਚ ਕਾਬੂ



ਮਲੋਟ, 4 ਫਰਵਰੀ (ਪੋਸਟ ਬਿਊਰੋ)- ਬੀਤੇ ਮਹੀਨੇ ਸਥਾਨਕ ਸਕਾਈ ਮਾਲ ਵਿਖੇ ਜਿੰਮ ਦੇ ਬਾਹਰ ਸ਼ਹਿਰ ਦੇ ਨੌਜਵਾਨ ਮਨਪ੍ਰੀਤ ਸਿੰਘ ਮੰਨਾ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਗੈਂਗਸਟਰ ਲਾਰੈਂਸ ਬਿਸ਼ਨੋਈ ਗਰੁੱਪ ਦੇ ਮੈਂਬਰ ਰਾਜੂ ਬਿਸੌਦੀ ਨੇ ਫ਼ੇਸਬੁੱਕ 'ਤੇ ਪੋਸਟ ਪਾ ਕੇ ਮਨਪ੍ਰੀਤ ਸਿੰਘ ਮੰਨਾ ਦੇ ਕਤਲ ਦੀ ਜ਼ਿੰਮੇਵਾਰੀ ਲਈ ਸੀ। ਉਸ ਗੈਂਗਸਟਰ ਰਾਜੂ ਬਿਸੌਦੀ ਨੂੰ ਥਾਈਲੈਂਡ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪਤਾ ਲੱਗਾ ਹੈ ਕਿ ਰਾਜੂ ਬਿਸੌਦੀ ਨੂੰ ਹਰਿਆਣਾ ਪੁਲਸ ਦੀ ਸਪੈਸ਼ਲ ਟਾਸਕ ਫੋਰਸ (ਐਸ ਟੀ ਐਫ਼) ਦੀ ਸੂਚਨਾ ਉਤੇ ਥਾਈਲੈਂਡ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸ ਬਾਰੇ ਗ੍ਰਹਿ ਮੰਤਰਾਲ ਰਾਹੀਂ ਇੰਟਰਪੋਲ ਨੂੰ ਸੂਚਨਾ ਦਿੱਤੀ ਗਈ ਸੀ। ਮੰਨਾ ਕਤਲ ਕੇਸ ਵਿੱਚ ਜਾਂਚ ਟੀਮ ਵੱਲੋਂ ਗੈਂਗਸਟਰ ਲਾਰੈਂਸ ਬਿਸ਼ਨੋਈ ਨਾਲ ਪੁੱਛਗਿੱਛ ਦੌਰਾਨ ਉਸ ਨੇ ਮੰਨਿਆ ਸੀ ਕਿ ਮਨਪ੍ਰੀਤ ਮੰਨਾ ਦਾ ਕਤਲ ਉਸ ਦੇ ਕਹਿਣ 'ਤੇ ਕੀਤਾ ਗਿਆ ਅਤੇ ਇਸ ਦੀ ਯੋਜਨਾ ਉਸ ਨੇ ਰਾਜੂ ਬਿਸ਼ੌਦੀ ਨਾਲ ਮਿਲ ਕੇ ਬਣਾਈ ਸੀ ਤੇ ਰਾਜੂ ਇਸ ਕਤਲ ਪਿੱਛੋਂ ਥਾਈਲੈਂਡ ਭੱਜ ਕੇ ਗਿਆ ਸੀ। ਉਸ ਨੂੰ ਕੱਲ੍ਹ ਥਾਈਲੈਂਡ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਰਾਜੂ ਬਿਸੌਦੀ ਤੇ ਪੰਜਾਬ ਸਮੇਤ ਪੰਜ ਵੱਖ-ਵੱਖ ਸੂਬਿਆਂ ਲਈ ਲੋੜੀਂਦਾ ਸੀ।

## ਵਿਦੇਸ਼ ਜਾਣ ਦੇ ਚਾਹਵਾਨ 70 ਫ਼ੀਸਦੀ ਨੌਜਵਾਨ ਕਿਸਾਨੀ ਪਿਛੋਕੜ ਵਾਲੇ

ਚੰਡੀਗੜ੍ਹ, 4 ਫਰਵਰੀ (ਪੋਸਟ ਬਿਊਰੋ)- ਪੰਜਾਬ ਵਿੱਚ ਖੇਤੀ ਸੰਕਟ, ਰੁਜ਼ਗਾਰ 'ਚ ਗੁਣਵੱਤਾ ਦੀ ਘਾਟ ਏਥੋਂ ਦੇ ਪੇਂਡੂ ਨੌਜਵਾਨਾਂ ਨੂੰ ਵਿਦੇਸ਼ ਜਾਣ ਲਈ ਮਜ਼ਬੂਰ ਕਰਦੇ ਹਨ। ਤਾਜ਼ਾ ਅਧਿਐਨ ਵਿੱਚ ਸਾਹਮਣੇ ਆਇਆ ਹੈ ਕਿ ਵਿਦੇਸ਼ ਜਾ ਰਹੇ ਨੌਜਵਾਨਾਂ ਵਿੱਚੋਂ 70 ਫ਼ੀਸਦੀ ਕਿਸਾਨੀ ਪਿਛੋਕੜ ਵਾਲੇ ਹਨ।

ਆਪਣੀ ਤਰ੍ਹਾਂ ਦੇ ਇਸ ਪਹਿਲੇ ਸਮਾਜਿਕ-ਆਰਥਿਕ ਅਧਿਐਨ ਮੁਤਾਬਕ ਵੱਡੇ ਪੱਧਰ 'ਤੇ ਬੇਰੁਜ਼ਗਾਰੀ, ਖ਼ਤਮ ਹੋ ਰਹੇ ਸਰੋਤ ਅਤੇ ਇਸ ਨਾਲ ਵਧਦੀ ਨਿਰਾਸ਼ਾ ਨੌਜਵਾਨਾਂ ਨੂੰ ਵਿਦੇਸ਼ ਭੇਜ ਰਹੀ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਰੀਜਨਲ ਕੇਂਦਰ ਦੇ ਪ੍ਰੋਫੈਸਰ ਕਮਲਜੀਤ ਸਿੰਘ ਅਤੇ ਡਾ. ਰਕਸ਼ਿੰਦਰ ਕੌਰ ਵੱਲੋਂ ਇਕੱਠੇ ਕੀਤੇ ਵੇਰਵੇ ਮੁਤਾਬਕ ਪਰਵਾਸ ਕਰਨ ਲਈ ਸਭ ਤੋਂ ਵੱਧ 'ਸਿੱਖਿਆ ਹਾਸਲ ਕਰਨ ਦਾ ਰੂਟ' ਆਪਣਾਇਆ ਜਾ ਰਿਹਾ ਹੈ। ਮਾਲਵਾ ਖਿੱਤੇ ਦੇ ਆਈਲੈਟਸ ਕੇਂਦਰਾਂ 'ਚ ਸਿਖ਼ਲਾਈ ਲੈ ਰਹੇ 540 ਵਿਦਿਆਰਥੀਆਂ ਦੇ ਅੰਕੜਿਆਂ 'ਚ ਸਾਹਮਣੇ ਆਇਆ ਹੈ ਕਿ ਵਿਦੇਸ਼ ਜਾਣ ਦੇ ਚਾਹਵਾਨ 79 ਫ਼ੀਸਦੀ ਨੌਜਵਾਨ ਪੇਂਡੂ ਪਿਛੋਕੜ ਵਾਲੇ ਤੇ 70 ਫ਼ੀਸਦੀ ਕਿਸਾਨ ਪਰਵਾਰਾਂ ਵਿੱਚੋਂ ਹਨ। ਜੇ ਇਨ੍ਹਾਂ ਕਿਸਾਨਾਂ ਪਰਵਾਰਾਂ ਦੇ ਆਰਥਿਕ ਪਿਛੋਕੜ ਮੁਤਾਬਕ ਜ਼ਿਆਦਾਤਰ ਛੋਟੇ ਜਾਂ ਸੀਮਾਂਤ ਕਿਸਾਨ ਪਰਵਾਰ ਹਨ। 56 ਫ਼ੀਸਦੀ ਅਜਿਹੇ ਪਰਵਾਰਾਂ ਤੋਂ ਹਨ, ਜਿਨ੍ਹਾਂ ਕੋਲ ਪੰਜ ਏਕੜ ਤੋਂ ਘੱਟ ਜ਼ਮੀਨ ਹੈ। 24 ਫ਼ੀਸਦੀ ਦੇ ਕੋਲ 10 ਏਕੜ ਤੋਂ ਘੱਟ ਜ਼ਮੀਨ ਹੈ। ਪ੍ਰੋ. ਕਮਲਜੀਤ ਮੁਤਾਬਕ ਇਹ ਰੁਝਾਨ ਖੇਤੀਬਾੜੀ ਸੈਕਟਰ ਦੇ ਸੰਕਟ ਤੇ ਰੁਜ਼ਗਾਰ ਦੇ ਮੌਕੇ ਬੇਹੱਦ ਸੀਮਤ ਹੋਣ ਵੱਲ ਇਸ਼ਾਰਾ ਕਰਦਾ ਹੈ। ਦੂਜਾ ਪਾਸੇ ਵੱਡੇ ਕਿਸਾਨ ਆਪਣੇ ਆਰਥਿਕ ਅਤੇ ਸਮਾਜੀ ਰੁਤਬੇ ਨੂੰ ਹੋਰ ਬਿਹਤਰ ਕਰਨ ਲਈ ਵੀ ਬੱਚਿਆਂ ਨੂੰ ਵਿਦੇਸ਼ ਭੇਜਣ ਦੀ ਇੱਛਾ ਰੱਖਦੇ ਹਨ। ਕਾਫ਼ੀ ਸਮਾਂ ਪਹਿਲਾਂ ਬੱਚਿਆਂ ਨੂੰ ਪੜ੍ਹਾਈ ਲਈ ਦੇਸ਼ ਤੋਂ ਬਾਹਰ ਭੇਜਣ ਵਾਲਿਆਂ 'ਚ ਸਰਕਾਰੀ ਮੁਲਜ਼ਮ ਮੋਹਰੀ ਹੁੰਦੇ ਸਨ, ਪਰ ਅੱਜਕੱਲ੍ਹ 70 ਫ਼ੀਸਦੀ ਨਾਲ ਕਿਸਾਨ ਮੋਹਰੀ ਹਨ। ਸਰਕਾਰੀ ਮੁਲਾਜ਼ਮਾਂ ਦੇ ਸਿਰਫ਼ 16.5 ਫ਼ੀਸਦੀ ਬੱਚੇ ਪੜ੍ਹਾਈ ਲਈ ਵਿਦੇਸ਼ ਜਾਣ ਨੂੰ ਪਹਿਲ ਦੇ ਰਹੇ ਹਨ। ਕਾਰੋਬਾਰੀ ਲੋਕਾਂ 'ਚੋਂ ਅੱਠ ਫ਼ੀਸਦੀ ਤੇ ਪ੍ਰਾਈਵੇਟ ਸੈਕਟਰ 'ਚ ਕੰਮ ਕਰਨ ਵਾਲੇ ਸਿਰਫ਼ 6.5 ਫ਼ੀਸਦੀ ਪਰਵਾਰ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਹਨ।

## ਧੁੰਦ ਵਿੱਚ ਤੇਜ਼ਾਬ ਵਾਲਾ ਟੈਂਕਰ ਪਲਟਿਆ, ਕਲੀਨਰ ਦੀ ਮੌਤ

ਫ਼ਤਹਿਗੜ੍ਹ, 4 ਫਰਵਰੀ (ਪੋਸਟ ਬਿਊਰੋ)- ਕੱਲ੍ਹ ਧੁੰਦ ਕਾਰਨ ਜ਼ੀਰੋ ਵਿਜ਼ੀਬਿਲਟੀ 'ਚ ਨੈਸ਼ਨਲ ਹਾਈਵੇ ਉਤੇ ਸਰਹਿੰਦ ਨਹਿਰ ਕੋਲ ਫ਼ੌਜੀ ਦੀ ਗੱਡੀ ਨਾਲ ਟੱਕਰ ਪਿੱਛੋਂ ਤੇਜ਼ਾਬ ਨਾਲ ਭਰਿਆ ਟੈਂਕਰ ਪਲਟ ਗਿਆ ਜਿਸ ਕਾਰਨ ਇੱਕ ਤੋਂ ਬਾਅਦ ਇੱਕ ਪੰਜਾਹ ਤੋਂ ਵੱਧ ਵਾਹਨ ਕਰੀਬ ਚਾਰ ਕਿਲੋਮੀਟਰ ਤੱਕ ਇੱਕ ਦੂਸਰੇ ਨਾਲ ਟਕਰਾ ਗਏ। ਇਸ ਹਾਦਸੇ ਵਿੱਚ ਟੈਂਕਰ ਦੇ ਕਲੀਨਰ ਦੀ ਮੌਤ ਹੋ ਗਈ। ਹੋਰ ਵਾਹਨਾਂ 'ਚ ਸਵਾਰ ਦੋ ਦਰਜਨ ਤੋਂ ਵੱਧ ਲੋਕ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਫ਼ਤਹਿਗੜ੍ਹ ਸਾਹਿਬ ਤੇ ਮੰਡੀ ਗੋਬਿੰਦਗੜ੍ਹ ਦੇ ਹਸਪਤਾਲਾਂ ਵਿੱਚ ਦਾਖਲ ਕੀਤਾ ਗਿਆ ਹੈ। ਮ੍ਰਿਤਕ ਦੀ ਪਛਾਣ ਲੁਧਿਆਣਾ ਦੇ ਰਾਏਕੋਟ ਦੇ ਰਹਿਣ ਵਾਲੇ ਭੁਪਿੰਦਰ ਸਿੰਘ (38) ਵਜੋਂ ਹੋਈ ਹੈ।

ਫ਼ਤਹਿਗੜ੍ਹ ਸਾਹਿਬ ਦੇ ਸਿਵਲ ਹਸਪਤਾਲ 'ਚ ਦਾਖਲ ਟੈਂਕਰ ਡਰਾਈਵਰ ਅਨਿਲ ਕੁਮਾਰ (29) ਨੇ ਦੱਸਿਆ ਕਿ ਉਹ ਤੇਜ਼ਾਬ ਨਾਲ ਭਰਿਆ ਟੈਂਕਰ ਲੈ ਕੇ ਰਾਜਪੁਰੇ ਤੋਂ ਲੁਧਿਆਣੇ ਜਾ ਰਹੇ ਸਨ। ਸੰਘਣੀ ਧੁੰਦ ਕਾਰਨ ਅੱਗੇ ਜਾ ਰਹੀਆਂ ਮੋਟਰ-ਗੱਡੀਆਂ ਨਜ਼ਰ ਨਹੀਂ ਆ ਰਹੀਆਂ ਸਨ। ਸਰਹਿੰਦ ਨਹਿਰ ਕੋਲ ਉਨ੍ਹਾਂ ਅੱਗੇ ਜਾ ਰਹੀ ਫ਼ੌਜ ਦੀ ਗੱਡੀ ਨਾਲ ਟੈਂਕਰ ਦੀ ਟੱਕਰ ਹੋ ਗਈ। ਟੱਕਰ ਪਿੱਛੋਂ ਟੈਂਕਰ ਪਲਟ ਗਿਆ ਤੇ ਤੇਜ਼ਾਬ ਰਿਸਣ ਲੱਗਾ। ਆਸਪਾਸ ਕਰੀਬ 25 ਫੁਟ ਤੱਕ ਚਾਰੇ ਪਾਸੇ ਧੂੰਆਂ ਹੀ ਫੈਲ ਗਿਆ। ਤੇਜ਼ਾਬ ਦੇ ਧੂੰਏਂ ਵਿੱਚ ਦਮ ਘੁਟਣ ਦੇ ਡਰੋ ਉਹ ਅਤੇ ਕਲੀਨਰ ਭੁਪਿੰਦਰ ਸਿੰਘ ਬਾਹਰ ਨਿਕਲੇ। ਇਸ ਦੌਰਾਨ ਭੁਪਿੰਦਰ ਸਿੰਘ ਟਾਰਚ ਜਗਾ ਕੇ ਪਿੱਛੇ ਆ ਰਹੇ ਵਾਹਨ ਚਾਲਕਾਂ ਨੂੰ ਹਾਦਸੇ ਦੀ ਸੂਚਨਾ ਦੇ ਕੇ ਸੁਚੇਤ ਕਰ ਰਿਹਾ ਸੀ ਕਿ ਇੱਕ ਵਾਹਨ ਨੇ ਉਸ ਨੂੰ ਟੱਕਰ ਮਾਰ ਦਿੱਤੀ। ਜਦੋਂ ਤੱਕ ਭੁਪਿੰਦਰ ਨੂੰ ਸਿਵਲ ਹਸਪਤਾਲ ਪਹੁੰਚਾਇਆ ਗਿਆ, ਉਦੋਂ ਤੱਕ ਉਸ ਦੀ ਮੌਤ ਹੋ ਚੁੱਕੀ ਸੀ। ਹਾਦਸੇ ਵਿੱਚ ਮੋਟਰਸਾਈਕਲ ਸਵਾਰ ਸੁਰਿੰਦਰ ਸਿੰਘ (55) ਨਿਵਾਸੀ ਪੰਡਰਾਲੀ ਗੰਭੀਰ ਜ਼ਖ਼ਮੀ ਹੋ ਗਿਆ, ਜਿਸ ਨੂੰ ਮੰਡੀ ਗੋਬਿੰਦਗੜ੍ਹ ਤੋਂ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ।

FRANCHISES REQUIRED for Greece, Italy, Austria, Germany, Spain

PERMANENT IMMIGRATION
Canada within 6-12 Months

We have confirmed job offers from Canadian Employers for:

- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers & lots of other Positions

Invest $200,000 (CAD) & Immigrate with family under Business Immigration



Subhash Punia
Immigration Counsel

Fast Track Immigration Under INVESTORS CLASS IMMIGRATION

Atlantic Immigration


By Appointment
MON-FRI
9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224



# ਟਰੈਫਿਕ ਸਿਪਾਹੀ ਨੂੰ ਬੋਨਟ ਉੱਤੇ ਬਿਠਾ ਕੇ ਦੋ ਕਿਲੋਮੀਟਰ ਕਾਰ ਭਜਾਉਂਦਾ ਰਿਹਾ

ਨਵੀਂ ਦਿੱਲੀ, 4 ਫਰਵਰੀ (ਪੋਸਟ ਬਿਊਰੋ)- ਕਾਗਜ਼ਾਂ ਦੀ ਜਾਂਚ ਤੋਂ ਬਚਣ ਲਈ ਇੱਕ ਨੌਜਵਾਨ ਬੋਨਟ 'ਤੇ ਟਰੈਫਿਕ ਪੁਲਸ ਮੁਲਾਜ਼ਮ ਦੇ ਬੈਠੇ ਹੋਣ ਉੱਤੇ ਵੀ ਤੇਜ਼ ਰਫਤਾਰ ਕਾਰ ਨੂੰ ਦੋ ਕਿਲੋਮੀਟਰ ਦੌੜਾਉਂਦਾ ਰਿਹਾ। ਬੇਖੌਫ ਦੋਸ਼ੀ ਦਾ ਦੋਸਤ ਰੂਹ ਕੰਬਾ ਦੇਣ ਵਾਲੇ ਤਮਾਸ਼ੇ ਦਾ ਬੇਧੜਕ ਹੋ ਕੇ ਵੀਡੀਓ ਬਣਾਉਂਦਾ ਰਿਹਾ।

ਐਤਵਾਰ ਨੂੰ ਵੀਡੀਓ ਵਾਇਰਲ ਹੋਈ ਤਾਂ ਦਿੱਲੀ ਪੁਲਸ ਵਿੱਚ ਹੰਗਾਮਾ ਮਚ ਗਿਆ। ਪੀੜਤ ਟਰੈਫਿਕ ਮੁਲਾਜ਼ਮ ਤੋਂ ਹਕੀਕਤ ਪਤਾ ਕਰ ਕੇ ਕੇਸ ਦੀ ਜਾਂਚ ਸ਼ੁਰੂ ਕੀਤੀ ਗਈ ਹੈ। ਮਾਮਲਾ ਹਿੰ-ਦੁਸਤਾਨ ਦੇ ਕਿਸੇ ਦੂਰ-ਦਰਾਜ ਛੋਟੇ ਸ਼ਹਿਰ ਦਾ ਨਹੀਂ, ਸਗੋਂ ਦੇਸ਼ ਦੀ ਰਾਜਧਾਨੀ ਦਿੱਲੀ ਦਾ ਹੈ। ਘਟਨਾ ਬੀਤੇ ਸਾਲ ਨਵੰਬਰ ਦੀ ਹੈ, ਪਰ ਵੀਡੀਓ ਐਤਵਾਰ ਨੂੰ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ। ਵੀਡੀਓ ਵਾਇਰਲ ਹੁੰਦੇ ਸਾਰ ਸਭ ਤੋਂ ਪਹਿਲਾਂ ਦਿੱਲੀ ਟਰੈਫਿਕ ਪੁਲਸ ਵਿੱਚ ਹੰਗਾਮਾ ਮੱਚ ਗਿਆ। ਅਜੇ ਤੱਕ ਜਾਂਚ ਵਿੱਚ ਜੋ ਕੁਝ ਸਬੂਤ ਸਾਹਮਣੇ ਆਏ ਉਨ੍ਹਾਂ ਦੇ ਮੁਤਾਬਕ ਵੀਡੀਓ ਦਿੱਲੀ ਦੇ ਨਾਂਗਲੋਈ ਚੌਕ ਇਲਾਕੇ ਦਾ ਹੈ। ਸੜਕ 'ਤੇ ਅੰਨ੍ਹੇਵਾਹ ਇਧਰ-ਓਧਰ ਦੌੜ ਰਹੀ ਕਾਰ ਦੇ ਬੋਨਟ 'ਤੇ ਜਾਨ ਬਚਾਉਣ ਲਈ ਰੌਲਾ ਪਾ ਰਹੇ ਸਿਪਾਹੀ ਦਾ ਨਾਂਅ ਸੁਨੀਲ ਪਤਾ ਲੱਗਾ ਹੈ। ਦਿੱਲੀ ਪੁਲਸ ਦੇ ਸੂਤਰਾਂ ਮੁਤਾਬਕ ਵੀਡੀਓ ਵਿੱਚ ਦਿਖਾਈ ਦੇ ਰਹੀ ਕਾਰ ਨੂੰ ਟਰੈਫਿਕ ਪੁਲਸ ਵਾਲਿਆਂ ਨੇ ਨਾਂਗਲੋਈ ਚੌਕ 'ਤੇ ਜਾਂਚ ਲਈ ਰੋਕਣਾ ਚਾਹਿਆ ਸੀ। ਇਸੇ ਦੌਰਾਨ ਪੁਲਸ ਤੋਂ ਬਚਣ ਅਤੇ ਪੁਲਸ ਵਾਲਿਆਂ ਨੂੰ ਸਬਕ ਸਿਖਾਉਣ ਦੀ ਨੀਤ ਨਾਲ ਦੋਸ਼ੀ ਕਾਰ ਚਾਲਕ ਨੇ ਸਿਪਾਹੀ ਸੁਨੀਲ ਨੂੰ ਕਾਰ ਦੀ ਸਪੀਡ ਘੱਟ ਕਰ ਕੇ ਪਹਿਲਾਂ ਬੋਨਟ 'ਤੇ ਚੜ੍ਹਨ ਦਾ ਮੌਕਾ ਦਿੱਤਾ, ਉਸ ਦੇ ਬਾਅਦ ਕਾਰ ਦੀ ਰਫਤਾਰ ਬੇਤਹਾਸ਼ਾ ਵਧਾ ਦਿੱਤੀ ਤੇ ਮੌਕੇ ਤੋਂ ਫਰਾਰ ਹੋ ਗਿਆ। ਇਸ ਪੂਰੇ ਤਮਾਸ਼ੇ ਦੀ ਵੀਡੀਓ ਕਾਰ ਚਾਲਕ ਦੇ ਦੋਸਤ ਨੇ ਖੁਦ ਬਣਾਈ ਸੀ। ਉਹੀ ਵੀਡੀਓ ਸੋਸ਼ਲ ਮੀਡੀਆ 'ਤੇ ਦੋ ਮਹੀਨੇ ਬਾਅਦ ਐਤਵਾਰ ਨੂੰ ਵਾਇਰਲ ਹੋ ਗਿਆ। ਸੂਤਰ ਦੱਸਦੇ ਹਨ ਕਿ ਵੀਡੀਓ ਜੇ ਬਾਹਰ ਨਾ ਆਈ ਹੁੰਦੀ ਤਾਂ ਦਿੱਲੀ ਟਰੈਫਿਕ ਪੁਲਸ ਇਸ ਦਾ ਸ਼ਾਇਦ ਨੋਟਿਸ ਨਾ ਲੈਂਦੀ।

## ਕੈਗ ਦੀ ਰਿਪੋਰਟ ਵਿੱਚ ਖੁਲਾਸਾ

# ਸਿਆਚਿਨ ਵਿੱਚ ਜਵਾਨਾਂ ਨੂੰ ਲੋੜ ਮੁਤਾਬਕ ਕੱਪੜੇ ਨਹੀਂ ਮਿਲਦੇ

ਅਨਵੀਂ ਦਿੱਲੀ, 4 ਫਰਵਰੀ (ਪੋਸਟ ਬਿਊਰੋ)- ਸਿਆਚਿਨ, ਲੱਦਾਖ, ਡੋਕਲਾਮ ਅਤੇ ਹੋਰ ਉਚੇਰੇ ਖੇਤਰਾਂ ਵਿੱਚ ਤੈਨਾਤ ਫੌਜੀ ਜਵਾਨਾਂ ਨੂੰ ਉਥੋਂ ਦੇ ਮੌਸਮ ਨਾਲ ਨਜਿੱਠਣ ਲਈ ਖਾਸ ਕਿਸਮ ਦੇ ਕੱਪੜੇ ਨਹੀਂ ਮਿਲਦੇ।



ਕੱਲ੍ਹ ਪਾਰਲੀਮੈਂਟ ਵਿੱਚ ਪੇਸ਼ ਕੀਤੀ ਕੈਗ ਦੀ ਰਿਪੋਰਟ ਦੇ ਵਿੱਚ ਇਹ ਪ੍ਰਗਟਾਵਾ ਕੀਤਾ ਗਿਆ ਹੈ। ਇਹ ਰਿਪੋਰਟ 2017-18 ਦੀ ਹੈ, ਜਿਸ ਵਿੱਚ ਕਈ ਗੰਭੀਰ ਮਸਲੇ ਸਾਹਮਣੇ ਲਿਆਂਦੇ ਗਏ ਹਨ। ਰਿਪੋਰਟ ਦੇ ਮੁਤਾਬਕ ਉਕਤ ਬੇਹੱਦ ਠੰਢੇ ਇਲਾਕਿਆਂ ਵਿੱਚ ਫੌਜੀਆਂ ਲਈ ਰਾਸ਼ਨ ਦਾ ਸਪੈਸ਼ਲ ਸਕੇਲ ਉਨ੍ਹਾਂ ਦੀ ਰੋਜ਼ ਦੀ ਐਨਰਜੀ ਦੀ ਲੋੜ ਨੂੰ ਧਿਆਨ ਵਿੱਚ ਰੱਖ ਕੇ ਤੈਅ ਕੀਤਾ ਜਾਂਦਾ ਹੈ। ਰਿਪੋਰਟ ਮੁਤਾਬਕ ਫੌਜੀਆਂ ਦੀ ਲੋੜ ਮੁਤਾਬਕ ਕੱਪੜੇ ਖਰੀਦਣ ਲਈ ਮੰਤਰਾਲਾ ਨੇ 13 ਸਾਲ ਪਹਿਲਾਂ ਉੱਚ ਪੱਧਰੀ ਕਮੇਟੀ ਬਣਾਈ ਸੀ, ਪਰ ਚਾਰ ਸਾਲ ਕੋਈ ਕਾਰਵਾਈ ਨਹੀਂ ਹੋਈ। ਫੌਜੀਆਂ ਨੂੰ ਜ਼ਰੂਰੀ ਕੱਪੜੇ ਨਾ ਮਿਲਣ ਕਾਰਨ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਲਈ ਫੇਸ ਮਾਸਕ ਜੈਕੇਟਾਂ ਅਤੇ ਸਲੀਪਿੰਗ ਬੈਗ ਪੁਰਾਣੀਆਂ ਸਪੈਸੀਫਿਕੇਸ਼ਨਾਂ ਮੁਤਾ-ਬਕ ਖਰੀਦੇ ਗਏ। ਇਸ ਤਰ੍ਹਾਂ ਜਵਾਨਾਂ ਨੂੰ ਵਧੀਆ ਪ੍ਰੋਡਕਟਸ ਨਹੀਂ ਮਿਲ ਸਕੇ। ਖਰੀਦ ਪ੍ਰਕਿਰਿਆ ਵਿੱਚ ਦੇਰੀ ਹੋਣ ਕਾਰਨ ਜਵਾਨਾਂ ਦੀ ਸਿਹਤ 'ਤੇ ਅਸਰ ਪਿਆ।

ਕੈਗ (ਕੰਪਟਰੋਲਰ ਐਂਡ ਆਡੀਟਰ ਜਨਰਲ) ਦੀ ਉਕਤ ਰਿਪੋਰਟ ਮੁਤਾ-ਬਕ ਬੇਹੱਦ ਬਰਫੀਲੇ ਇਲਾਕਿਆਂ ਵਿੱਚ ਜਵਾਨਾਂ ਦੀ ਰਿਹਾਇਸ਼ ਦੀ ਸਥਿਤੀ ਸੁਧਾਰਨ ਲਈ ਪ੍ਰੋਜੈਕਟ ਨੂੰ ਵਧੇਰੇ ਚੰਗੀ ਤਰ੍ਹਾਂ ਲਾਗੂ ਨਹੀਂ ਕੀਤਾ ਗਿਆ। ਸਮਰੱਥ ਅਧਿਕਾਰੀਆਂ ਦੀ ਆਗਿਆ ਨਹੀਂ ਲਈ ਗਈ। 274 ਕਰੋੜ ਰੁਪਏ ਖਰਚ ਦੇ ਬਾਵਜੂਦ ਜਵਾਨਾਂ ਨੂੰ ਢੁੱਕਵੀਆਂ ਸਹੂਲਤਾਂ ਨਹੀਂ ਮਿਲੀਆਂ। ਲੋੜਾਂ ਦਾ ਸਹੀ ਅਨੁਮਾਨ ਲਾਏ ਬਿਨਾਂ ਹੀ ਸਾਲਾਨਾ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ। ਕੰਮ ਨੂੰ ਮੁਕੰਮਲ ਕਰਨ ਦੀ ਸਮਾਂ ਹੱਦ ਵਿੱਚ ਵੀ ਦੇਰੀ ਹੋ ਰਹੀ ਹੈ।

# ਹੱਤਿਆ ਕਰ ਕੇ ਲਾਸ਼ ਤੇ ਅਬਾਸ ਢਾਬੇ ਪਿੱਛੇ ਦਬਾਇਆ

ਨਾਗਪੁਰ, 4 ਫਰਵਰੀ (ਪੋਸਟ ਬਿਊਰੋ)- ਢਾਬਾ ਚਲਾਉਣ ਵਾਲੇ ਨੇ ਵਿਅਕਤੀ ਬਾਲੀਵੁੱਡ ਦੀ ਅਜੈ ਦੇਵਗਨ ਦੀ ਫ਼ਿਲਮ 'ਦ੍ਰਿਸ਼ਅਮ' ਦੇ ਵਾਂਗ ਇੱਕ ਵਿਅਕਤੀ ਦੀ ਹੱਤਿਆ ਕਰ ਉਸਦੀ ਲਾਸ਼ ਅਤੇ ਮੋਟਰਸਾਈਕਲ ਢਾਬੇ ਦੇ ਪਿੱਛੇ ਦਫਨਾ ਦਿੱਤੀ। ਇਸ ਮਾਮਲੇ ਦਾ ਪਤਾ ਇੱਕ ਮਹੀਨੇ ਬਾਅਦ ਚਲਿਆ। ਮ੍ਰਿਤਕ ਦੀ ਪਛਾਣ ਹਲਦੀਰਾਮ ਕੰਪਨੀ ਵਿੱਚ ਕੰਮ ਕਰਦੇ ਪੰਕਜ ਦਿਲੀਪ ਗਿਰਮਕਰ (32) ਦੇ ਰੂਪ ਵਿੱਚ ਹੋਈ ਹੈ।

ਪਤਾ ਲੱਗਾ ਹੈ ਕਿ ਇਸ ਵਾਰਦਾਤ ਦੇ ਮੁਖ ਦੋਸ਼ੀ 'ਜੋਗਿੰਦਰ ਸਿੰਘ ਠਾਕੁਰ ਦਾ ਢਾਬਾ' ਦੇ ਮਾਲਿਕ ਅਮਰ ਸਿੰਘ ਉਰਫ ਲਾਲੂ ਦੇ ਮ੍ਰਿਤਕ ਗਿਰਮਕਰ ਦੀ ਪਤਨੀ ਨਾਲ ਨਾਜਾਇਜ਼ ਸੰਬੰਧ ਸਨ। ਬੀਤੀ 28 ਦਸੰਬਰ ਨੂੰ ਗਿਰਮਕਰ ਢਾਬੇ 'ਤੇ ਪਹੁਚਿਆ ਅਤੇ ਲਾਲੂ ਨੂੰ ਆਪਣੀ ਪਤਨੀ ਤੋਂ ਦੂਰ ਰਹਿਣ ਦੀ ਚੇਤਾਵਨੀ ਦਿੱਤੀ ਜਿਸ 'ਤੇ ਦੋਨਾਂ ਦੀ ਬਹਿਸ ਹੋਈ ਅਤੇ ਲਾਲੂ ਨੇ ਗਿਰਮਕਰ ਦੇ ਸਿਰ 'ਤੇ ਹਥੌੜ੍ਹੇ ਨਾਲ ਵਾਰ ਕਰ ਦਿੱਤਾ ਜਿਸ ਨਾਲ ਉਸ ਦੀ ਉਥੇ ਮੌਤ ਹੋ ਗਈ।



ਲਾਲੂ ਨੇ ਢਾਬੇ ਦੇ ਰਸੋਈਏ ਤੇ ਇੱਕ ਸਾਥੀ ਨਾਲ ਮਿਲਕੇ ਗਿਰਮਕਰ ਦੀ ਲਾਸ਼ ਅਤੇ ਮੋਟਰਸਾਈਕਲ ਨੂੰ ਢਾਬੇ ਦੇ ਪਿੱਛੇ ਅਹਾਤੇ ਵਿੱਚ ਦਫਨਾ ਦਿੱਤਾ ਅਤੇ ਗਿਰਮਕਰ ਦਾ ਮੋਬਾਈਲ ਇੱਕ ਟਰੱਕ ਵਿੱਚ ਸੁੱਟ ਦਿੱਤਾ ਜੋ ਰਾਜਸਥਾਨ ਪਹੁੰਚ ਗਿਆ। ਘਰ ਵਾਪਸ ਨਾ ਆਉਣ 'ਤੇ ਗਿਰਮਕਰ ਦੇ ਪਰਵਾਰ ਨੇ ਪੁਲਸ ਵਿੱਚ ਲਾਪਤਾ ਹੋਣ ਦੀ ਸ਼ਿਕਾਇਤ ਦਰਜ ਕਰਾਈ। ਪੁਲਸ ਨੇ ਜਾਂਚ ਦੇ ਬਾਅਦ ਕੱਲ੍ਹ ਢਾਬੇ ਵਿੱਚ ਛਾਪਾ ਮਾਰਿਆ ਅਤੇ ਲਾਲੂ ਢਾਬੇ ਦੇ ਰੋਸਈਏ ਤੇ ਹੋਰ ਤੋਂ ਪੁੱਛਗਿੱਛ ਕੀਤੀ। ਪੁੱਛਗਿੱਛ ਵਿੱਚ ਲਾਲੂ ਨੇ ਆਪਣਾ ਗੁਨਾਹ ਕਬੂਲ ਕਰ ਲਿਆ। ਉਸਦੇ ਦੱਸਣ 'ਤੇ ਪੁਲਸ ਨੇ ਲਾਸ਼ ਨੂੰ ਖੋਦ ਕੇ ਕੱਢਵਾਇਆ।

## ਜੰਮੂ-ਕਸ਼ਮੀਰ ਦੇ ਤਿੰਨੇ ਸਾਬਕਾ ਮੁੱਖ ਮੰਤਰੀ ਅਜੇ ਵੀ ਨਜ਼ਰਬੰਦ

ਸ੍ਰੀਨਗਰ, 4 ਫਰਵਰੀ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਸੂਬੇ ਦਾ ਦਰਜਾ ਦੇਣ ਵਾਲੀ ਸੰਵਿਧਾਨ ਦੀ ਧਾਰਾ 370 ਹਟਾਏ ਜਾਣ ਦੇ ਕਰੀਬ ਪੰਜ ਮਹੀਨੇ ਬਾਅਦ ਵੀ ਇਸ ਸੂਬੇ ਦੇ ਤਿੰਨ ਸਾਬਕਾ ਮੁੱਖ ਮੰਤਰੀਆਂ ਅਤੇ 20 ਨੇਤਾਵਾਂ ਨੂੰ ਨਜ਼ਰਬੰਦ ਰੱਖਿਆ ਗਿਆ ਹੈ। ਸਾਬਕਾ ਮੁੱਖ ਮੰਤਰੀ ਡਾ: ਫਾਰੂਕ ਅਬਦੁੱਲਾ ਸ੍ਰੀਨਗਰ ਤੋਂ ਪਾਰਲੀਮੈਂਟ ਮੈਂਬਰ ਵੀ ਹਨ ਤੇ ਉਨ੍ਹਾਂ ਦੇ ਪੁੱਤਰ ਉਮਰ ਅਬਦੁੱਲਾ ਅਤੇ ਮਹਿਬੂਬਾ ਮੁਫਤੀ ਨੂੰ ਪੰਜ ਅਗਸਤ ਤੋਂ ਨਜ਼ਰਬੰਦ ਰੱਖਿਆ ਗਿਆ ਹੈ। ਡਾਕਟਰ ਅਬਦੁੱਲਾ ਦੇ ਖਿਲਾਫ ਜਨਤਕ ਸੁਰੱਖਿਆ ਐਕਟ ਦਾ ਮਾਮਲਾ ਦਰਜ ਕੀਤਾ ਗਿਆ ਹੈ।

ਸਾਬਕਾ ਮੁੱਖ ਮੰਤਰੀਆਂ ਸਮੇਤ ਵੱਖ-ਵੱਖ ਪਾਰਟੀਆਂ ਦੇ 20 ਨੇਤਾਵਾਂ ਨੂੰ ਨਜ਼ਰਬੰਦ ਰੱਖਿਆ ਗਿਆ ਹੈ। ਇਨ੍ਹਾਂ ਵਿੱਚ ਪੀਪੁਲਸ ਕਾਨਫਰੰਸ ਦੇ ਮੁਖੀ ਸੱਜਾਦ ਗਨੀ ਵੀ ਹਨ, ਜਿਹੜੇ ਭਾਜਪਾ ਅਤੇ ਪੀ ਡੀ ਪੀ ਦੀ ਗਠਜੋੜ ਸਰਕਾਰ ਦੇ ਮੰਤਰੀ ਸਨ। ਦਿਲਚਸਪ ਗੱਲ ਇਹ ਹੈ ਕਿ ਕਿਸੇ ਵੀ ਨੇਤਾ ਨੇ ਨਜ਼ਰਬੰਦ ਕੀਤੇ ਜਾਣ ਨੂੰ ਕੋਈ ਚੁਣੌਤੀ ਨਹੀਂ ਦਿੱਤੀ ਹੈ। ਅਧਿਕਾਰੀਆਂ ਨੇ ਪਿਛਲੇ 2 ਮਹੀਨਿਆਂ ਵਿੱਚ ਧਾਰਾ 370 ਹਟਾਏ ਜਾਣ ਬਾਰੇ ਕੋਈ ਸਵਾਲ ਨਹੀਂ ਕਰਨ ਦੀ ਸ਼ਰਤ ਉਤੇ 25 ਨੇਤਾਵਾਂ ਨੂੰ ਨਜ਼ਰਬੰਦੀ ਤੋਂ ਮੁਕਤ ਕੀਤਾ ਹੈ ਜਿਨ੍ਹਾਂ ਵਿੱਚ ਕਈ ਸਾਬਕਾ ਮੰਤਰੀ ਅਤੇ ਵਿਧਾਇਕ ਵੀ ਸ਼ਾਮਲ ਹਨ।

## ਨਾਗਰਿਕਤਾ ਕਾਨੂੰਨ ਬਾਰੇ ਅਮਿਤ ਸ਼ਾਹ ਦਾ ਬਿਆਨ ਮਹਾਭਾਰਤ ਦੇ ਦੁਰਯੋਧਨ ਵਰਗਾ: ਬਘੇਲ

ਨਵੀਂ ਦਿੱਲੀ, 4 ਫਰਵਰੀ (ਪੋਸਟ ਬਿਊਰੋ)- ਛਤੀਸਗੜ੍ਹ ਦੇ ਮੁੱਖ ਮੰਤਰੀ ਭੁਪੇਸ਼ ਬਘੇਲ ਨੇ ਨੈਸ਼ਨਲ ਆਬਾਦੀ ਰਜਿਸਟਰ (ਐਨ ਪੀ ਆਰ) ਲਾਗੂ ਕਰਨ, ਨਾਗਰਿਕਤਾ ਸੋਧ ਕਾਨੂੰਨ ਅਤੇ ਕੌਮੀ ਨਾਗਰਿਕਤਾ ਰਜਿਸਟਰ (ਐਨ ਆਰ ਸੀ), ਸ਼ਾਹੀਨ ਬਾਗ ਪ੍ਰਦਰਸ਼ਨ ਅਤੇ ਮੀਸਾ ਘੁਲਾਟੀਆਂ ਦੀ ਪੈਨਸ਼ਨ ਰੋਕਣ 'ਤੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਕਿਸੇ ਕਾਨੂੰਨ ਦਾ ਵਿਰੋਧ ਪਹਿਲੀ ਵਾਰ ਨਹੀਂ ਹੋ ਰਿਹਾ। ਇਸ ਤੋਂ ਪਹਿਲਾਂ ਬ੍ਰਿਟਿਸ਼ ਰਾਜ ਵਿੱਚ 1906-07 ਵਿੱਚ ਬਣੇ ਕਾਨੂੰਨ ਦਾ ਮਹਾਤਮਾ ਗਾਂਧੀ ਨੇ ਵਿਰੋਧ ਕਰਦੇ ਹੋਏ ਦਸਖਤ ਕਰਨ ਤੋਂ ਮਨਾ ਕੀਤਾ ਸੀ।



ਭੂਪੇਸ਼ ਬਘੇਲ ਨੇ ਕਿਹਾ ਕਿ ਇਸ ਤੋਂ ਪਹਿਲਾ ਦੀ ਸਰਕਾਰ ਵਿੱਚ ਬ੍ਰਿਟਿਸ਼ ਰੂਲ ਦੇ ਬਾਅਦ ਗਾਂਧੀ, ਨਹਿਰੂ, ਪੀ ਵੀ ਨਰਸਿਮਹਾ ਰਾਓ ਅਤੇ ਮਨਮੋਹਨ ਸਿੰਘ ਸਰਕਾਰ ਦੇ ਸਮੇਂ ਵਿੱਚ ਆਰਥਿਕ ਨੀਤੀ ਸੀ। ਭਾਜਪਾ ਦਾ ਕੋਈ ਆਰਥਿਕ ਰੂਪ ਵਿੱਚ ਰੋਡਮੈਪ ਨਹੀਂ ਹੈ। ਉਹ ਧਰਮ, ਗੰਗਾ, ਗਾਂ, ਮੰਦਰ, ਹਿੰਦੂ-ਮੁਸਲਮ ਮੁੱਦਿਆਂ 'ਤੇ ਲੜਾਉਣ ਦੇ ਸਿਵਾਏ ਕੁਝ ਨਹੀਂ ਜਾਣਦੀ। ਭਾਜਪਾ ਸਰਕਾਰ ਵਿੱਚ ਜੀ ਐਸ ਟੀ, ਨੋਟਬੰਦੀ, ਸਰਜੀਕਲ ਸਟ੍ਰਾਈਕ ਵਰਗੇ ਫ਼ੈਸਲੇ ਲੈ ਕੇ ਨਰਿੰਦਰ ਮੋਦੀ ਨੂੰ ਇੱਕ ਸੰਸਾਰ ਨੇਤਾ ਦੇ ਰੂਪ ਵਿੱਚ ਦਿਖਾਉਣ ਦਾ ਯਤਨ ਕੀਤਾ ਗਿਆ। ਇਸ ਤਰ੍ਹਾਂ ਮੋਦੀ ਸਰਕਾਰ ਵਿੱਚ ਅਮਿਤ ਸ਼ਾਹ ਨੇ ਧਾਰਾ 370, ਸੀ ਏ ਏ, ਐਨ ਆਰ ਸੀ ਅਤੇ ਐਨ ਪੀ ਆਰ ਦੇ ਫ਼ੈਸਲੇ ਲਏ ਹਨ, ਜੋ ਭਾਰਤੀਆਂ ਦੇ ਲਈ ਸਭ ਤੋਂ ਖ਼ਰਾਬ ਸਾਬਿਤ ਹੋਏ ਹਨ। ਉਨ੍ਹਾਂ ਕਿਹਾ ਕਿ ਅਮਿਤ ਸ਼ਾਹ ਦਾ ਐਨ ਪੀ ਆਰ ਅਤੇ ਐਨ ਆਰ ਸੀ ਉਤੇ ਇਹ ਕਹਿਣਾ ਕਿ ਅਸੀਂ ਇੱਕ ਇੰਚ ਵੀ ਪਿੱਛੇ ਨਹੀਂ ਹਟਾਂਗੇ, ਮਹਾਭਾਰਤ ਦੇ ਦੁਰਯੋਧਨ ਦੀ ਤਰ੍ਹਾਂ ਹੈ ਜਿਸ ਨੇ ਕਿਹਾ ਸੀ ਕਿ ਮੈਂ ਸੂਈ ਦੀ ਨੋਕ ਦੇ ਬਰਾਬਰ ਵੀ ਜ਼ਮੀਨ ਦੇਣ ਨੂੰ ਤਿਆਰ ਨਹੀਂ। ਇਸ ਲਈ ਹਰ ਭਾਰਤੀ ਨੂੰ ਆਪਣੀ ਨਾਗਰਿਕਤਾ ਸਪੱਸ਼ਟ ਕਰਨੀ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਸਵਾਲ ਇਹ ਨਹੀਂ ਉਠਦਾ ਕਿ ਅਸੀਂ ਐਨ ਪੀ ਆਰ ਨੂੰ ਲਾਗੂ ਕਰਾਂਗੇ ਜਾਂ ਨਹੀਂ, ਸਵਾਲ ਇਹ ਉਠਦਾ ਹੈ ਕਿ ਰਾਜ ਵਿੱਚ 40 ਪ੍ਰਤੀਸ਼ਤ ਲੋਕ ਗ਼ਰੀਬੀ ਰੇਖਾ ਤੋਂ ਥੱਲੇ ਹਨ। ਉਨ੍ਹਾਂ ਕੋਲ ਜ਼ਮੀਨ, ਸਾਖਰਤਾ ਬਾਰੇ ਕੋਈ ਵੀ ਦਸਤਾਵੇਜ਼ ਨਹੀਂ ਹੈ। ਉਹ ਆਪਣੇ ਮਾਤਾ-ਪਿਤਾ ਦੀ ਜਨਮ ਤਰੀਕ ਅਤੇ ਜਨਮ ਸਥਾਨ ਕਿਵੇਂ ਦੱਸ ਸਕਣਗੇ। ਉਨ੍ਹਾਂ ਕਿਹਾ ਕਿ ਛਤੀਸਗੜ੍ਹ ਵਿੱਚ 2011 ਦੀ ਜਨਗਣਨਾ ਵੀ ਸਹੀ ਨਹੀਂ ਹੋ ਪਾਈ, ਕਿਉਂਕਿ 600 ਪਿੰਡ ਨਕਸਲ ਪ੍ਰਭਾਵਿਤ ਖੇਤਰ ਦੇ ਅੰਤਗਰਤ ਆਉਂਦੇ ਹਨ। ਇਸ ਲਈ ਅਸੀਂ ਉਨ੍ਹਾਂ ਦੇ ਬਾਰੇ ਸਪੱਸ਼ਟ ਨਹੀਂ ਦੱਸ ਸਕਦੇ। ਉਨ੍ਹਾਂ ਨੇ ਕਿਹਾ ਕਿ ਆਪਰੇਸ਼ਨ ਦੇ ਰੂਪ ਵਿੱਚ ਵੀ ਕਿਉਂ ਰਖੇਗੀ, ਇਸ ਨੂੰ ਹਟਾਉਣਾ ਚਾਹੀਦਾ।


## ਨੋਟਬੰਦੀ ਵੇਲੇ ਮਿਥੀ ਹੱਦ ਤੋਂ ਵੱਧ ਨੋਟ ਜਮ੍ਹਾ ਕਰਾਉਣ ਵਾਲਿਆਂ ਨੂੰ ਸਰਕਾਰ ਰਾਹਤ ਦੇਣ ਲੱਗੀ

ਨਵੀਂ ਦਿੱਲੀ, 4 ਫਰਵਰੀ (ਪੋਸਟ ਬਿਊਰੋ)- ਨਰਿੰਦਰ ਮੋਦੀ ਸਰਕਾਰ ਵੱਲੋਂ ਨੋਟਬੰਦੀ ਕੀਤੇ ਜਾਣ ਦੇ ਬਾਅਦ ਜਿਨ੍ਹਾਂ ਲੋਕਾਂ ਨੂੰ ਵਧੇਰੇ ਰਕਮਾਂ ਜਮ੍ਹਾਂ ਕਰਾਉਣ ਬਦਲੇ ਇਨਕਮ ਟੈਕਸ ਦਾ ਨੋਟਿਸ ਮਿਲਿਆ ਸੀ, ਉਹ ਨਵੀਂ ਟੈਕਸ ਐਮਨੈਸਟੀ ਸਕੀਮ ਦਾ ਲਾਭ ਉਠਾ ਸਕਣਗੇ। ਇਜ ਜਾਣਕਾਰੀ ਰੈਵੇਨਿਊ ਸੈਕਟਰੀ ਅਜੈ ਭੂਸ਼ਣ ਪਾਂਡੇ ਨੇ ਦਿੱਤੀ ਹੈ।

ਵਰਨਣ ਯੋਗ ਹੈ ਕਿ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਆਪਣੇ ਬਜਟ ਭਾਸ਼ਣ ਵਿੱਚ 'ਵਿਵਾਦ ਸੇ ਵਿਸ਼ਵਾਸ' ਯੋਜਨਾ ਦਾ ਐਲਾਨ ਕੀਤਾ ਸੀ। ਇਸ ਸਕੀਮ ਹੇਠ ਜਿਹੜੇ ਟੈਕਸ ਦਾਤਾ ਬਕਾਇਆ ਟੈਕਸ ਪੂਰਾ ਅਦਾ ਕਰ ਦੇਣਗੇ, ਉਨ੍ਹਾ ਨੂੰ ਪੈਨਲਟੀ ਅਤੇ ਵਿਆਜ ਤੋਂ ਛੁਟਕਾਰਾ ਮਿਲ ਜਾਏਗਾ। ਇਸ ਯੋਜਨਾ ਹੇਠ 31 ਮਾਰਚ 2020 ਤੱਕ ਹਰ ਡਿਫਾਲਟਰ ਬਿਨਾਂ ਪੈਨਾਲਟੀ ਇਨਕਮ ਟੈਕਸ ਦੇ ਕੇ ਵਿਵਾਦ ਮੁਾ ਸਕਦਾ ਹੈ ਅਤੇ 31 ਮਾਰਚ 2020 ਦੇ ਬਾਅਦ ਇਹ ਲਾਭ ਉਠਾਉਣ ਵਾਲੇ ਨੂੰ ਕੁਝ ਵਾਧੂ ਰਾਸ਼ੀ ਦਾ ਭੁਗਤਾਨ ਕਰਨਾ ਹੋਵੇਗਾ। ਇਹ ਯੋਜਨਾ 30 ਜੂਨ 2020 ਤੱਕ ਲਈ ਹੈ। ਮੋਦੀ ਸਰਕਾਰ ਨੇ ਅੱਠ ਨਵੰਬਰ 2016 ਨੂੰ 1000 ਰੁਪਏ ਅਤੇ 500 ਰੁਪਏ ਦੇ ਕਰੰਸੀ ਨੋਟ ਦਾ ਬੰਦ ਕਰਨ ਦਾ ਐਲਾਨ ਕੀਤਾ ਸੀ। ਟੈਕਸ ਅਥਾਰਟੀਜ਼ ਨੇ ਨੋਟਬੰਦੀ ਦੇ ਬਾਅਦ ਉਨ੍ਹਾਂ ਲੋਕਾਂ ਨੂੰ ਨੋਟਿਸ ਭੇਜਣੇ ਸ਼ੁਰੂ ਕੀਤੇ ਸਨ, ਜਿਨ੍ਹਾਂ ਨੇ ਇਸ ਦੌਰਾਨ ਬੈਂਕ ਵਿੱਚ ਕੈਸ਼ ਜਮ੍ਹਾ ਕਰਾਉਂਦੇ ਸਮੇਂ ਆਪਣੇ ਵਸੀਲਿਆਂ ਬਾਰੇ ਨਹੀਂ ਦੱਸਿਆ ਸੀ। ਰੈਵੇਨਿਊ ਸੈਕਟਰੀ ਭੂਸ਼ਣ ਪਾਂਡੇ ਨੇ ਦੱਸਿਆ ਕਿ ਬਜਟ ਵਿੱਚ ਪ੍ਰਸਤਾਵਿਤ ਨਵੇਂ ਪ੍ਰਸਨਲ ਟੈਕਸ ਸਿਸਟਮ ਵਿੱਚ ਇੰਡੀਵਿਜੁਅਲਸ ਨੂੰ ਉਨ੍ਹਾਂ ਦੇ ਸਲੈਬ ਵਿੱਚ ਬਿਨਾਂ ਛੋਟ ਤੇ ਡਿਕਸ਼ਨ ਵਾਲਾ ਘੱਟ ਟੈਕਸ ਰੇਟ ਦਾ ਆਪਸ਼ਨ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੁਰਾਣੇ ਸਿਸਟਮ ਵਿੱਚ ਕਾਫੀ ਔਕੜਾਂ ਸਨ, ਪਰ ਨਵੇਂ ਸਿਸਟਮ ਵਿੱਚ ਇਹ ਆਸਾਨ ਹਨ। ਭੂਸ਼ਣ ਪਾਂਡੇ ਨੇ ਕਿਹਾ ਕਿ ਪੁਰਾਣੀ ਵਿਵਸਥਾ ਵਿੱਚ ਉਨ੍ਹਾਂ ਲੋਕਾਂ ਨੂੰ ਬਰਾਬਰੀ ਦਾ ਮੌਕਾ ਨਹੀਂ ਮਿਲਦਾ ਸੀ, ਜਿਨ੍ਹਾਂ ਕੋਲ ਟੈਕਸ ਛੋਟ ਲਈ ਲੋੜੀਂਦਾ ਫੰਡ ਨਹੀਂ ਸੀ। ਅਸੀਂ ਸਭ ਨੂੰ ਟੈਕਸ ਲਾਭ ਦੇਣ ਦਾ ਦਾਅਵਾ ਨਹੀਂ ਕਰਦੇ। ਦੁਨੀਆ ਦੇ ਕਈ ਦੇਸ਼ਾਂ ਵਿੱਚ ਅਜਿਹਾ ਟੈਕਸ ਸਿਸਟਮ ਹੈ ਜਿਸ ਵਿੱਚ ਲੋਕਾਂ ਨੂੰ ਆਈਟਮ ਦੇ ਹਿਸਾਬ ਨਾਲ ਟੈਕਸ ਡਿਕਸ਼ਨ ਲੈਣ ਜਾਂ ਫਲੈਟ ਡਿਕਸ਼ਨ ਲੈਣ ਦਾ ਆਪਸ਼ਨ ਮਿਲਦਾ ਹੈ।

## ਸ਼ਾਹਰੁਖ ਦੀ ਆਈ ਪੀ ਐੱਲ ਵਾਲੀ ਕੰਪਨੀ ਸਮੇਤ ਤਿੰਨ ਦੀ ਸੱਤਰ ਕਰੋੜ ਤੋਂ ਵੱਧ ਦੀ ਜਾਇਦਾਦ ਕੁਰਕ

ਨਵੀਂ ਦਿੱਲੀ, 4 ਫਰਵਰੀ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਰੋਜ਼ ਵੈਲੀ ਠੱਗੀ ਕੇਸ ਨਾਲ ਜੁੜੀ ਇੱਕ ਮਨੀ ਲਾਂਡਰਿੰਗ ਜਾਂਚ ਵਿੱਚ ਤਿੰਨ ਕੰਪਨੀਆਂ ਦੀ ਸੱਤਰ ਕਰੋੜ ਤੋਂ ਵੱਧ ਦੀ ਜਾਇਦਾਦ ਕੁਰਕ ਕੀਤੀ ਹੈ। ਇਨ੍ਹਾਂ ਵਿੱਚੋਂ ਇੱਕ ਫਿਲਮ ਅਭਿਨੇਤਾ ਸ਼ਾਹਰੁਖ ਖਾਨ ਵੱਲੋਂ ਪ੍ਰਮੋਟ ਕੀਤੀ ਦੱਸੀ ਜਾਂਦੀ ਆਈ ਪੀ ਐੱਲ ਕ੍ਰਿਕਟ ਨਾਲ ਜੁੜੀ ਕੰਪਨੀ ਵੀ ਸ਼ਾਮਲ ਹੈ, ਜਿਸ ਤੋਂ ਕਈ ਲੋਕਾਂ ਨੂੰ ਹੈਰਾਨੀ ਹੋਈ ਹੈ।



ਈ ਡੀ ਦੇ ਵਿਚਲੇ ਸੂਤਰਾਂ ਨੇ ਇਸ ਬਾਰੇ ਦੱਸਿਆ ਕਿ ਤਿੰਨ ਕੰਪਨੀਆਂ ਵਿੱਚ ਮਲਟੀਪਲ ਰਿਜ਼ਾਰਟਸ ਪ੍ਰਾਈਵੇਟ ਲਿਮਟਿਡ, ਸੇਂਟ ਜੇਵੀਅਰਜ਼ ਕਾਲਜ ਕੋਲਕਾਤਾ ਅਤੇ ਨਾਈਟ ਰਾਈਡਰਸ ਸਪੋਰਟਸ ਪ੍ਰਾਈਵੇਟ ਲਿਮਟਿਡ ਸ਼ਾਮਲ ਹਨ। ਸੂਤਰਾਂ ਮੁਤਾਬਕ ਰੋਜ਼ ਵੈਲੀ ਗਰੁੱਪ ਤੋਂ ਫੰਡ ਲੈਣ ਵਾਲੀਆਂ ਵੱਖ-ਵੱਖ ਯੂਨਿਟਾਂ ਅਤੇ ਵਿਅਕਤੀਆਂ ਨਾਲ ਸੰਬੰਧਤ ਯੂਨਿਟਾਂ ਦੀ ਸੱਤਰ ਕਰੋੜ 11 ਲੱਖ ਰੁਪਏ ਦੀ ਚੱਲ ਅਤੇ ਅਚੱਲ ਜਾਇਦਾਦ ਨੂੰ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀ ਐੱਮ ਐੱਲ ਏ) ਦੀਆਂ ਵੱਖ-ਵੱਖ ਧਾਰਾਵਾਂ ਹੇਠ ਕੁਰਕ ਕੀਤਾ ਗਿਆ ਹੈ। ਤਿੰਨਾਂ ਕੰਪਨੀਆਂ ਦੇ ਬੈਂਕ ਖਾਤੇ ਵੀ ਕੁਰਕ ਕਰ ਦਿੱਤੇ ਗਏ ਹਨ, ਜਿਨ੍ਹਾਂ ਵਿੱਚ 16 ਕਰੋੜ 20 ਲੱਖ ਰੁਪਏ ਜਮ੍ਹਾ ਹਨ। ਈ ਡੀ ਨੇ ਕਿਹਾ ਕਿ ਇਸ ਦੇ ਨਾਲ ਹੀ ਪੱਛਮੀ ਬੰਗਾਲ ਦੇ ਪੂਰਬੀ ਮਿਦਨਾਪੁਰ ਜ਼ਿਲੇ ਵਿੱਚ ਰਾਮਨਗਰ ਅਤੇ ਮਹੀਸ਼ਦਲ ਸਥਿਤ 24 ਏਕੜ ਜ਼ਮੀਨ, ਮੁੰਬਈ ਦੇ ਦਿਲਕਾਪ ਚੈਂਬਰਜ਼ ਸਥਿਤ ਇੱਕ ਫਲੈਟ, ਕੋਲਕਾਤਾ ਦੇ ਨਿਊ ਟਾਊਨ ਦੇ ਜੋਤੀ ਬਾਸੂ ਨਗਰ ਵਿੱਚ ਇੱਕ ਏਕੜ ਜ਼ਮੀਨ ਅਤੇ ਰੋਜ਼ ਵੈਲੀ ਗਰੁੱਪ ਦਾ ਇੱਕ ਹੋਟਲ ਵੀ ਕੁਰਕ ਕੀਤਾ ਗਿਆ ਹੈ। ਇੰਡੀਅਨ ਪ੍ਰੀਮੀਅਮ ਲੀਗ (ਆਈ ਪੀ ਐੱਲ) ਦੀ ਕੋਲਕਾਤਾ ਨਾਈਟ ਰਾਈਡਰਜ਼ ਦੀ ਮਲਕੀਅਤ ਦਿ ਨਾਈਟ ਰਾਈਡਰਜ਼ ਸਪੋਰਟਸ ਪ੍ਰਈਵੇਟ ਲਿਮਟਿਡ ਕੋਲ ਹੈ। ਇਸ ਦੇ ਮਾਲਕਾਂ ਵਿੱਚ ਫਿਲਮ ਅਭਿਨੇਤਾ ਸ਼ਾਹਰੁਕ ਖਾਨ ਦੀ ਪਤਨੀ ਗੌਰੀ ਖਾਨ ਦੇ ਨਾਲ ਅਭਿਨੇਤਰੀ ਜੂਹੀ ਚਾਵਲਾ ਦੇ ਪਤੀ ਜੈ ਮਹਿਤਾ ਵੀ ਹਨ। ਈ ਡੀ ਨੇ ਉਕਤ ਕੰਪਨੀ, ਉਸ ਦੇ ਮੁਖੀ ਗੌਤਮ ਕੁੰਡੂ ਅਤੇ ਹੋਰਨਾਂ ਵਿਰੁੱਧ ਛੇ ਸਾਲ ਪਹਿਲਾਂ ਪੀ ਐੱਮ ਐੱਲ ਏ ਅਧੀਨ ਰਿਪੋਰਟ ਦਰਜ ਕੀਤੀ ਸੀ। ਕੁੰਡੂ ਨੂੰ 2015 ਵਿੱਚ ਗ੍ਰਿਫਤਾਰ ਕੀਤਾ ਗਿਆ ਸੀ।

# ਗੂਗਲ ਫੋਟੋਜ਼ ਤੋਂ ਯੂਜ਼ਰਸ ਦੀਆਂ ਪਰਸਨਲ ਵੀਡੀਓਜ਼ ਲੀਕ

ਨਵੀਂ ਦਿੱਲੀ, 4 ਫਰਵਰੀ (ਪੋਸਟ ਬਿਊਰੋ)- ਗੂਗਲ ਫੋਟੋਜ਼ ਉੱਤੇ ਪਰਸਨਲ ਵੀਡੀਓ ਕਿਸੇ ਦੂਜੇ ਯੂਜ਼ਰ ਨਾਲ ਸ਼ੇਅਰ ਕਰ ਦਿੱਤੀਆਂ ਗਈਆਂ ਹਨ। ਇਸ ਦੀ ਗਲਤੀ ਮੰਨਦੇ ਹੋਏ ਗੂਗਲ ਨੇ ਮੁਆਫੀ ਮੰਗੀ ਹੈ।




ਪਤਾ ਲੱਗਾ ਹੈ ਕਿ ਗੂਗਲ ਨੇ ਕੁਝ ਲੋਕਾਂ ਦਾ ਕਲਾਊਡ ਡਾਟਾ ਕਿਸੇ ਹੋਰ ਨੂੰ ਦਿੱਤਾ ਹੈ। ਇਸ ਤੋਂ ਤੁਸੀਂ ਵੀ ਪ੍ਰਭਾਵਤ ਹੋ ਸਕਦੇ ਹੋ। ਅੱਗੇ ਤੋਂ ਗੂਗਲ ਨੇ ਯੂਜ਼ਰਸ ਨੂੰ ਅਲਰਟ ਕਰਨਾ ਸ਼ੁਰੂ ਕੀਤਾ ਹੈ। ਗੂਗਲ ਟੇਕਆਊਟ ਦੇ ਇਸ ਸਾਫਟਵੇਅਰ ਤੋਂ ਬੈਕਅਪ ਡਾਊਨਲੋਡ ਕੀਤਾ ਜਾ ਸਕਦਾ ਹੈ। 9ਟੂ5ਗੂਗਲ ਦੀ ਰਿਪੋਰਟ ਦੇ ਮੁਤਾਬਕ ਗੂਗਲ ਟੇਕਆਊਟ ਵਿੱਚ ਕੁਝ ਟੈਕਨੀਕਲ ਖਾਮੀਆਂ ਨਿਕਲੀਆਂ ਹਨ, ਜਿਸ ਕਾਰਨ ਯੂਜ਼ਰ ਦੀਆਂ ਫੋਟੋਜ਼ ਤੇ ਵੀਡੀਓਜ਼ ਹੋਰਨਾਂ ਨਾਲ ਸ਼ੇਅਰ ਕਰ ਦਿੱਤੀਆਂ ਗਈਆਂ ਸਨ। ਹਾਲੇ ਇਹ ਸਾਫ ਨਹੀਂ ਕਿ ਇਹ ਬਗ ਕੀ ਸੀ। ਗੂਗਲ ਨੇ ਇਸ ਤੋਂ ਪ੍ਰਭਾਵਿਤ ਯੂਜ਼ਰਸ ਨੂੰ ਅਲਰਟ ਕਰਨਾ ਸ਼ੁਰੂ ਕੀਤਾ ਹੈ। ਕੰਪਨੀ ਨੇ ਕਿਹਾ ਕਿ ਗੂਗਲ ਫੋਟੋਜ਼ ਅਕਾਊਂਟ ਨਾਲ ਇਕ ਜਾਂ ਇਸ ਤੋਂ ਵੱਧ ਵੀਡੀਓਜ਼ ਇਸ ਬੱਗ ਨਾਲ ਪ੍ਰਭਾਵਿਤ ਹੋਈਆਂ ਹਨ। ਇਸ ਬਾਰੇ ਗੂਗਲ ਨੇ ਕਿਹਾ ਹੈ ਕਿ ਇਸ ਦੇ ਨਾਲ 0.01 ਫੀਸਦੀ ਯੂਜ਼ਰਸ ਪ੍ਰਭਾਵਿਤ ਹੋਏ ਹਨ। ਵਰਨਣ ਯੋਗ ਹੈ ਕਿ ਇਸ ਖਾਮੀ ਨਾਲ ਉਹੀ ਯੂਜ਼ਰਸ ਪ੍ਰਭਾਵਿਤ ਹੋਏ ਹਨ, ਜਿਨ੍ਹਾਂ ਨੇ ਟਾਕ-ਆਊਟ ਨੂੰ ਡਾਟਾ ਰਿਕਵੈਸਟ ਕੀਤੀ ਸੀ। ਗੂਗਲ ਫੋਟੋਜ਼ ਦੁਨੀਆ ਦੇ ਕਰੋੜਾਂ ਸਮਾਰਟਫੋਨਸ ਵਿੱਚ ਹੈ ਤੇ ਏਦਾਂ ਇਹ ਡਾਟਾ ਕਾਫੀ ਵੱਡਾ ਹੋ ਜਾਂਦਾ ਹੈ।

ਇਸ ਸੰਬੰਧ ਵਿੱਚ ਗੂਗਲ ਦੇ ਇਕ ਬੁਲ-ਾਰੇ ਨੇ 9ਟੂ5ਗੂਗਲ ਨੂੰ ਕਿਹਾ ਕਿ ਜਿਨ੍ਹਾਂ ਲੋਕਾਂ ਨੇ 21 ਤੋਂ 25 ਨਵੰਬਰ ਦੇ ਵਿਚਾਲੇ ਆਪਣੀਆਂ ਫੋਟੋਜ਼ ਨੂੰ ਐਕਸਪੋਰਟ ਕਰਨ ਲਈ ਗੂਗਲ ਟੇਕਆਊਟ ਦੀ ਵਰਤੋਂ ਕੀਤੀ, ਉਹ ਇਸ ਤਰ੍ਹਾਂ ਦੇ ਬਗ ਤੋਂ ਪ੍ਰਭਾਵਿਤ ਹੋ ਸਕਦੇ ਹਨ ਅਤੇ ਅਸੀਂ ਉਨ੍ਹਾਂ ਨੂੰ ਨੋਟੀਫਾਈ ਕਰ ਰਹੇ ਹਾਂ। ਗੂਗਲ ਨੇ ਕਿਹਾ ਕਿ ਇਹ ਨੁਕਸ ਠੀਕ ਕਰ ਲਿਆ ਹੈ ਅਤੇ ਅਗੇ ਤੋਂ ਅਜਿਹਾ ਨਾ ਹੋਵੇ, ਇਸ ਦੇ ਲਈ ਇਨ-ਡੈਪਥ ਘੋਖ ਕੀਤੀ ਗਈ ਹੈ।

## ਅਧਿਆਪਕਾ ਨੂੰ ਬੰਨ੍ਹ ਕੇ ਘੜੀਸਿਆ, ਕੁੱਟਣ ਪਿੱਛੋਂ ਮਕਾਨ ਦੇ ਵਿੱਚ ਬੰਦ ਕੀਤਾ

ਬਾਲੂਰਘਾਟ (ਪੱਛਮੀ ਬੰਗਾਲ), 4 ਫਰਵਰੀ (ਪੋਸਟ ਬਿਊਰੋ)- ਪੱਛਮੀ ਬੰਗਾਲ ਦੇ ਦੱਖਣੀ ਦਿਨਾਜਪੁਰ ਜ਼ਿਲੇ ਵਿੱਚਲੇ ਤ੍ਰਿਣਮੂਲ ਕਾਂਗਰਸ ਦੇ ਸਮਰਥਕਾਂ ਨੇ ਪਿੰਡ ਵਿੱਚ ਸੜਕ ਬਣਾਉਣ ਲਈ ਹਾਈ ਸਕੂਲ ਦੀ ਅਧਿਆਪਕਾ ਦੀ ਜ਼ਮੀਨ ਉੱਤੇ ਜਬਰੀ ਕਬਜ਼ਾ ਕਰਨ ਵਾਸਤੇ ਉਸ ਨੂੰ ਬੰਨ੍ਹ ਕੇ ਸੜਕ 'ਤੇ ਘਸੀਟਿਆ, ਉਸ ਦੀ ਕੁੱਟਮਾਰ ਕੀਤੀ ਤੇ ਉਸ ਨੂੰ ਮਕਾਨ ਵਿੱਚ ਬੰਦ ਕਰ ਦਿੱਤਾ। ਪੁਲਸ ਨੇ ਦੱਸਿਆ ਕਿ ਘਟਨਾ ਗੰਗਾਰਾਮਪੁਰ ਬਲਾਕ ਦੇ ਨੰਦਨਪੁਰ ਪਿੰਡ ਦੀ ਹੈ।



ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ ਵਿੱਚ ਫੈਲ ਗਈ ਹੈ। ਔਰਤ ਦੀ ਪਛਾਣ ਸਰਕਾਰੀ ਹਾਈ ਸਕੂਲ ਦੀ ਅਧਿਆਪਕਾ ਅਤੇ ਭਾਜਪਾ ਸਮਰਥਕ ਸਮ੍ਰਿਤੀਕਣ ਦਾਸ ਵਜੋਂ ਹੋਈ ਹੈ। ਗ੍ਰਾਮ ਪੰਚ-ਾਇਤ ਦੇ ਮੈਂਬਰਾਂ ਦੀ ਅਗਵਾਈ ਵਿੱਚ ਆਏ ਲੋਕਾਂ ਨੇ ਅਧਿਆਪਕਾ ਦੀ ਮਾਂ ਅਤੇ ਪਰਵਾਰ ਦੇ ਹੋਰ ਜੀਆਂ ਦੀ ਵੀ ਕੁੱਟਮਾਰ ਕੀਤੀ। ਤ੍ਰਿਣਮੂਲ ਕਾਂਗਰਸ ਨੇ ਇਸ ਘਟਨਾ ਵਿੱਚ ਆਪਣਾ ਹੱਥ ਹੋਣ ਤੋਂ ਇਨਕਾਰ ਕੀਤਾ ਹੈ। ਜਾਣਕਾਰ ਸੂਤਰਾਂ ਮੁਤਾਬਕ ਪਾਰਟੀ ਨੇ ਤ੍ਰਿਣਮੂਲ ਕਾਂਗਰਸ ਦੇ ਜ਼ਿਲਾ ਆਗੂ ਨੂੰ ਸਸਪੈਂਡ ਕਰ ਦਿੱਤਾ ਹੈ। ਹਮਲਾਵਰਾਂ ਨੇ ਅਧਿਆਪਕਾ ਦੇ ਪੈਰ ਬੰਨ੍ਹ ਹੋਏ ਸਨ ਜਿਸ ਕਾਰਨ ਉਹ ਡਿੱਗ ਗਈ। ਉਸ ਨੂੰ ਤੀਹ ਫੁੱਟ ਦੂਰੀ ਤੱਕ ਘੜੀਸਿਆ ਗਿਆ ਤੇ ਕੁੱਟਮਾਰ ਕੀਤੀ ਗਈ।

# ਐਨ ਆਰ ਆਈਜ਼ ਲਈ ਭਾਰਤ ਦੀ ਨਵੀਂ ਟੈਕਸ ਪ੍ਰਣਾਲੀ ਦੇ ਬਾਰੇ ਕਈ ਭੁਲੇਖੇ

ਨਵੀਂ ਦਿੱਲੀ, 4 ਫਰਵਰੀ (ਪੋਸਟ ਬਿਊਰੋ)- ਆਮ ਬਜਟ 2020-21 ਵਿੱਚ ਵਿੱਤ ਮੰਤਰੀ ਨਿਰਨਲਾ ਸੀਤਾਰਮਨ ਨੇ ਪਰਵਾਸੀ ਭਾਰਤੀਆਂ 'ਤੇ ਟੈਕਸ ਲਾਉਣ ਦਾ ਜੋ ਐਲਾਨ ਕੀਤਾ ਹੈ ਉਸ ਬਾਰੇ ਕਈ ਭਰਮ ਫੈਲੇ ਹਨ। ਰੈਵੇਨਿਊ ਸੈਕਟਰੀ ਨੇ ਕਿਹਾ ਕਿ ਐਨ ਆਰ ਆਈ ਵੱਲੋਂ ਭਾਰਤ ਵਿੱਚ ਹੋਈ ਕਮਾਈ 'ਤੇ ਟੈਕਸ ਲੱਗੇਗਾ, ਵਿਦੇਸ਼ ਵਿੱਚ ਕਮਾਏ ਪੈਸੇ ਉਤੇ ਨਹੀਂ, ਪਰ ਇਸ ਨਾਲ ਵੀ ਗੱਲ ਨਹੀਂ ਬਣ ਰਹੀ, ਕਿਉਂਕਿ ਪਰਵਾਸੀ ਭਾਰਤੀ ਭਾਰਤ ਦੇ ਨਾਲ ਹੀ ਦੂਸਰੇ ਦੇਸ਼ਾਂ ਦੇ ਵੀ ਨਾਗਰਿਕ ਹਨ ਅਤੇ ਦੋਵਾਂ ਥਾਵਾਂ 'ਤੇ ਕਮਾਈ ਕਰ ਰਹੇ ਹਨ। ਖਾਸ ਤੌਰ ਉਤੇ ਯੂ ਏ ਈ (ਦੁਬਈ) ਵਰਗੀਆਂ ਥਾਵਾਂ 'ਚ ਰਹਿਣ ਵਾਲੇ ਲੋਕ ਇਸ ਵਕਤ ਦੁਚਿੱਤੀ 'ਚ ਹਨ।

ਵਿੱਤ ਮੰਤਰਾਲੇ ਨੇ ਕੱਲ੍ਹ ਇਸ ਮਾਮਲੇ 'ਚ ਨਵੀਂ ਸਫ਼ਾਈ ਦਿੱਤੀ ਅਤੇ ਦੱਸਿਆ ਕਿ ਜੇ ਕਿਸੇ ਵਿਅਕਤੀ ਦਾ ਭਾਰਤ ਤੇ ਦੁਬਈ ਦੋਵਾਂ ਥਾਵਾਂ 'ਤੇ ਮਕਾਨ ਹੋਵੇ ਤੇ ਉਹ ਦੋਵਾਂ ਦੇਸ਼ਾਂ 'ਚ ਕਾਰੋਬਾਰ ਕਰ ਰਿਹਾ ਹੋਵੇ ਤਾਂ ਇਹ ਦੇਖਿਆ ਜਾਵੇਗਾ ਕਿ ਉਹ ਆਮ ਤੌਰ 'ਤੇ ਕਿੱਥੇ ਰਹਿੰਦਾ ਹੈ। ਜੇ ਉਹ ਦੁਬਈ 'ਚ ਜ਼ਿਆਦਾ ਰਹਿੰਦਾ ਹੈ ਤੇ ਭਾਰਤ 'ਚ ਕਦੀ-ਕਦਾਈਂ ਆਉਂਦਾ ਹੈ ਤਾਂ ਉਸ ਦੀ ਕਮਾਈ 'ਤੇ ਦੁਬਈ 'ਚ ਟੈਕਸ ਲੱਗੇਗਾ। ਇਸ ਉਤੇ ਨਵੀਂ ਟੈਕਸ ਵਿਵਸਥਾ ਦਾ ਕੋਈ ਅਸਰ ਨਹੀਂ ਪਵੇਗਾ। ਵਿੱਤ ਮੰਤਰੀ ਨੇ ਇਨਕਮ ਟੈਕਸ ਦੀ ਧਾਰਾ ਛੇ ਦੀ ਉਪ ਧਾਰਾ ਇੱਕ (ਏ) ਹੇਠ ਐਲਾਨ ਕੀਤਾ ਹੈ ਕਿ ਜਿਹੜਾ ਐਨ ਆਰ ਆਈ ਕਿਸੇ ਵੀ ਦੂਸਰੇ ਦੇਸ਼ 'ਚ ਟੈਕਸ ਅਦਾਇਗੀ ਨਹੀਂ ਕਰਦਾ, ਉਸ ਨੂੰ ਭਾਰਤ 'ਚ ਟੈਕਸ ਦੇਣਾ ਪਵੇਗਾ। ਇਸ ਕਦਮ ਦੇ ਪਿੱਛੇ ਕਾਰਨ ਇਹ ਦੱਸਿਆ ਗਿਆ ਹੈ ਕਿ ਐਨ ਆਰ ਆਈ ਸਿਰਫ ਟੈਕਸ ਬਚਾਉਣ ਲਈ ਟੈਕਸ ਹੈਵਨ ਸਮਝੇ ਜਾਂਦੇ ਦੇਸ਼ਾਂ 'ਚ ਪੂੰਜੀ ਨਿਵੇਸ਼ ਕਰਦੇ ਹਨ। ਵਿੱਤ ਮੰਤਰਾਲੇ ਦਾ ਨੋਟ ਦੱਸਦਾ ਹੈ ਕਿ ਯੂ ਏ ਈ ਦੇ ਨਿਯਮਾਂ ਮੁਤਾਬਕ ਉਥੇ 183 ਦਿਨਾਂ ਤੱਕ ਰਹਿਣ ਵਾਲੇ ਨੂੰ ਉਥੋਂ ਦਾ ਨਾਗਰਿਕ ਮੰਨਿਆ ਜਾ ਸਕਦਾ ਹੈ ਪਰ ਜੇ ਉਹ ਵਿਅਕਤੀ ਭਾਰਤ ਦਾ ਵੀ ਨਾਗਰਿਕ ਹੈ ਤਾਂ ਮਾਮਲਾ 'ਟਾਈ ਬ੍ਰੇਕਰ' ਹੋ ਜਾਂਦਾ ਹੈ ਅਤੇ ਟਾਈ ਬ੍ਰੇਕਰ ਉੱਤੇ ਭਾਰਤ ਯੂ ਏ ਈ ਟੈਕਸੇਸ਼ਨ ਸਮਝੌਤੇ ਦੀ ਧਾਰਾ-4 ਹੇਠ ਸੁਲਝਾਇਆ ਜਾਵੇਗਾ। ਇਸ ਧਾਰਾ ਮੁਤਾਬਕ ਵੀ ਮਾਮਲੇ ਨੂੰ ਟਾਈ ਬ੍ਰੇਕਰ ਦਾ ਫ਼ੈਸਲਾ ਸੌਖਾ ਨਹੀਂ। ਉਸ ਵਿਅਕਤੀ ਦਾ ਸਥਾਈ ਘਰ ਭਾਰਤ ਅਤੇ ਯੂ ਏ ਈ ਦੋਵਾਂ ਥਾਵਾਂ ਉੱਤੇ ਹੈ ਤਾਂ ਉਸ ਨੂੰ ਉਥੇ ਟੈਕਸ ਦੇਣਾ ਪਵੇਗਾ। ਜੇ ਭਾਰਤ ਅਤੇ ਯੂ ਏ ਈ ਦੋਵਾਂ ਥਾਵਾਂ 'ਤੇ ਘਰ ਹੈ ਤਾਂ ਉਸਦਾ ਕਾਰੋਬਾਰ ਦੇਖਿਆ ਜਾਵੇਗਾ। ਜੇ ਸਿਰਫ ਯੂ ਏ ਈ 'ਚ ਕਾਰੋਬਾਰ ਹੈ ਤਾਂ ਫਿਰ ਦੇਖਿਆ ਜਾਵੇਗਾ ਕਿ ਉਹ ਜ਼ਿਆਦਤਰ ਕਿੱਥੇ ਰਹਿੰਦਾ ਹੈ ਤੇ ਕਿੱਥੇ ਜ਼ਿਆਦਾ ਕਾਰੋਬਾਰ ਕਰਦਾ ਹੈ।

# ਅਮਰੀਕਾ ਲਈ ਜਾਸੂਸੀ ਕਰਨ ਦੇ ਦੋਸ਼ੀ ਨੂੰ ਈਰਾਨ ਨੇ ਸਜ਼ਾ-ਏ-ਮੌਤ ਦਿੱਤੀ



ਦੁਬਈ, 4 ਫਰਵਰੀ (ਪੋਸਟ ਬਿਊਰੋ)- ਈਰਾਨ ਦੀ ਸੁਪਰੀਮ ਕੋਰਟ ਨੇ ਅਮਰੀਕੀ ਖ਼ੁਫ਼ੀਆ ਏਜੰਸੀ ਸੀ ਆਈ ਏ ਲਈ ਜਾਸੂਸੀ ਕਰਨ ਦੇ ਦੋਸ਼ੀ ਸਾਬਤ ਹੋਏ ਇਕ ਵਿਅਕਤੀ ਨੂੰ ਸੁਣਾਈ ਮੌਤ ਦੀ ਸਜ਼ਾ ਉੱਤੇ ਮੋਹਰ ਲਾ ਦਿੱਤੀ ਹੈ। ਉਸ ਉੱਤੇ ਈਰਾਨ ਦੇ ਐਟਮੀ ਪ੍ਰੋਗਰਾਮ ਦੀ ਜਾਣਕਾਰੀ ਲੀਕ ਕਰਨ ਦਾ ਦੋਸ਼ ਸਿੱਧ ਹੋਇਆ ਹੈ। ਦੋ ਹੋਰਨਾਂ ਜਾਸੂਸਾਂ ਦੀ ਸਜ਼ਾ ਉੱਤੇ ਵੀ ਸੁਪਰੀਮ ਕੋਰਟ ਨੇ ਮਨਜ਼ੂਰੀ ਦੇ ਦਿੱਤੀ ਹੈ। ਇਨ੍ਹਾਂ ਦੋਵਾਂ ਨੂੰ ਅਮਰੀਕਾ ਲਈ ਜਾਸੂਸੀ ਕਰਨ ਦੇ ਦੋਸ਼ ਵਿੱਚ 10 ਸਾਲ ਅਤੇ ਰਾਸ਼ਟਰੀ ਸੁਰੱਖਿਆ ਖ਼ਿਲਾਫ਼ ਕੰਮ ਕਰਨ ਲਈ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ।

ਅਦਾਲਤ ਦੇ ਬੁਲਾਰੇ ਗ਼ੁਲਾਮ ਹੁਸੈਨ ਇਸਮਾਈਲ ਨੇ ਅੱਜ ਮੰਗਲਵਾਰ ਦੱਸਿਆ ਕਿ ਸੀ ਆਈ ਏ ਲਈ ਜਾਸੂਸੀ ਕਰਨ ਅਤੇ ਈਰਾਨ ਦੇ ਐਟਮੀ ਪ੍ਰੋਗਰਾਮ ਦੀ ਜਾਣਕਾਰੀ ਲੀਕ ਕਰਨ ਦੇ ਦੋਸ਼ੀ ਆਮਿਰ ਰਹੀਮਪੁਰਾ ਦੀ ਮੌਤ ਦੀ ਸਜ਼ਾ ਨੂੰ ਸੁਪਰੀਮ ਕੋਰਟ ਨੇ ਕਾਇਮ ਰੱਖਿਆ ਹੈ। ਉਸ ਨੂੰ ਛੇਤੀ ਹੀ ਕੀਤੇ ਦੀ ਸਜ਼ਾ ਮਿਲੇਗੀ। ਬੁਲਾਰੇ ਨੇ ਅਮਰੀਕਾ ਲਈ ਜਾਸੂਸੀ ਕਰਨ ਉੱਤੇ ਸਜ਼ਾ ਦਾ ਸਾਹ-ਮਣਾ ਕਰਨ ਵਾਲੇ ਦੋ ਹੋਰ ਲੋਕਾਂ ਦੀ ਨਾਗਰਿਕਤਾ ਤੇ ਉਨ੍ਹਾਂ ਦੇ ਨਾਵਾਂ ਦੀ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ ਤੇ ਇਹੋ ਕਿਹਾ ਕਿ ਈਰਾਨ ਦੋਹਰੀ ਨਾਗਰਿਕਤਾ ਨੂੰ ਮਾਨਤਾ ਨਹੀਂ ਦਿੰਦਾ। ਜੇ ਕਿਸੇ ਕੋਲ ਦੋਹਰੀ ਨਾਗਰਿਕਤਾ ਹੈ ਤਾਂ ਅਜਿਹੇ ਨਾਗਰਿਕਾਂ ਖ਼ਿਲਾਫ਼ ਈਰਾਨੀ ਨਾਗਰਿਕ ਦੇ ਤੌਰ ਉੱਤੇ ਕੇਸ ਚਲਾਇਆ ਜਾਂਦਾ ਹੈ।

# ਜਰਮਨੀ ਦੀ ਕੋਰਟ ਨੇ ਸਕੂਲ ਵਿੱਚ ਹਿਜ਼ਾਬ ਪਹਿਨਣ ਉੱਤੇ ਪਾਬੰਦੀ ਹਟਾਈ



ਬਰਲਿਨ, 4 ਫਰਵਰੀ (ਪੋਸਟ ਬਿਊਰੋ)- ਜਰਮਨੀ ਵਿੱਚ ਜ਼ਿਆਦਾਤਰ ਰਾਜਨੀਤਕ ਪਾਰਟੀਆਂ ਇਥੋਂ ਦੀਆਂ ਔਰਤਾਂ ਦੇ ਬੁਰਕਾ ਤੇ ਹਿਜ਼ਾਬ ਪਹਿਨਣ ਉੱਤੇ ਪਾਬੰਦੀ ਲਾਉਣ ਦੀ ਹਮਾਇਤੀ ਰਹੀਆਂ ਹਨ, ਪਰ ਉਥੋਂ ਦੀ ਅਦਾਲਤ ਨੇ ਜਰਮਨੀ ਦੇ ਹੈਮਬਰਗ ਸ਼ਹਿਰ ਵਿਚ ਬੁਰਕਾ ਪਹਿਨਣ ਉੱਤੇ ਲੱਗੀ ਰੋਕ ਨੂੰ ਹਟਾ ਦਿੱਤਾ ਹੈ।

ਇਸ ਤੋਂ ਉਥੇ ਬਹਿਸ ਛਿੜ ਗਈ ਹੈ। ਸਾਲ 2018 ਵਿਚ ਜਰਮਨੀ ਦੇ ਨਾਰਥ ਰਾਈਨ ਵੇਸਟਫੇਲੀਆ ਸੂਬੇ ਵਿਚ ਵਿਵਾਦ ਹੋਇਆ ਸੀ। ਓਦੋਂ ਇਥੇ 14 ਸਾਲ ਤੋਂ ਛੋਟੀਆਂ ਬੱਚੀਆਂ ਦੇ ਸਕੂਲ ਵਿਚ ਮੂੰਹ ਢੱਕਣ ਵਾਲੇ ਸਕਾਰਫ ਤੇ ਹਿਜ਼ਾਬ ਉੱਤੇ ਪਾਬੰਦੀ ਲਾਗੂ ਕਰਨ ਦੀ ਯੋਜਨਾ ਚਾਲੂ ਹੋਈ ਸੀ। ਇਸ ਤੋਂ ਪਿੱਛੋਂ ਇਕ ਸਕੂਲੀ ਵਿਦਿਆਰਥਣ ਨੇ ਇਸ ਦਾ ਵਿਰੋਧ ਕਰਦੇ ਹੋਏ ਕੋਰਟ ਵਿਚ ਕੇਸ ਕੀਤਾ ਸੀ। ਇਸ ਦੀ ਸੁਣਵਾਈ ਦੌਰਾਨ ਕੋਰਟ ਨੇ ਇਹ ਹੁਕਮ ਦਿੱਤਾ ਕਿ ਵਿਦਿਆਰਥੀਆਂ ਦਾ ਸਕੂਲ ਵਿਚ ਹਿਜ਼ਾਬ ਪਹਿਨਣਾ ਕਿਸੇ ਵੀ ਤਰ੍ਹਾਂ ਲਾਜ਼ਮੀ ਨਹੀਂ। ਇਹ ਹੁਕਮ ਹੈਮਬਰਗ ਸ਼ਹਿਰ ਦੀ ਅਦਾਲਤ ਨੇ ਦਿੱਤਾ ਹੈ। ਹੈਮਬਰਗ ਦੇ ਸਕੂਲ ਅਧਿਕਾਰੀਆਂ ਨੇ ਇਸ 16 ਸਾਲਾ ਵਿਦਿਆਰਥਣ ਦੀ ਮਾਂ ਨੂੰ ਕਿਹਾ ਸੀ ਕਿ ਉਹ ਯਕੀਨੀ ਕਰੇ ਕਿ ਉਨ੍ਹਾਂ ਦੀ ਧੀ ਜਮਾਤ ਵਿਚ ਬੈਠੇ ਵਕਤ ਪੂਰੇ ਚਿਹਰੇ ਨੂੰ ਢੱਕਣ ਵਾਲਾ ਬੁਰਕਾ ਨਾ ਪਹਿਨੇ। ਇਸ ਨਿਰਦੇਸ਼ ਨੂੰ ਕੋਰਟ ਵਿਚ ਚੁਣੌਤੀ ਦਿੱਤੀ ਗਈ ਸੀ। ਅਦਾਲਤ ਨੇ ਫੈਸਲਾ ਦਿੱਤਾ ਕਿ ਨਿਯਮਾਂ ਮੁਤਾਬਕ ਅਧਿਕਾਰੀਆਂ ਕੋਲ ਏਦਾਂ ਦੀ ਪਾਬੰਦੀ ਲਾਉਣ ਦਾ ਅਧਿਕਾਰ ਨਹੀਂ ਹੈ। 16 ਸਾਲਾ ਵਿਦਿਆਰਥਣ ਰਿਟੇਲ ਸੇਲਸ ਦੀ ਪੜ੍ਹਾਈ ਕਰ ਰਹੀ ਹੈ। ਅਦਾਲਤ ਨੇ ਕਿਹਾ ਕਿ ਉਸ ਦੇ ਕੋਲ ਆਪਣੀ ਧਾਰਮਿਕ ਸੁਤੰਤਰਤਾ ਦੀ ਬਿਨਾਂ ਕਿਸੇ ਸ਼ਰਤ ਦੇ ਰਾਖੀ ਦਾ ਅਧਿਕਾਰ ਹੈ। ਡੀ ਡਬਲਿਊ ਸਾਈਟ ਮੁਤਾਬਕ ਇਸ ਪਾਬੰਦੀ ਨੂੰ ਹਟਾ ਦਿੱਤਾ ਗਿਆ ਹੈ।

ਹੈਮਬਰਗ ਦੇ ਸੋਸ਼ਲ ਡੈਮੋਕ੍ਰੇਟਿਕ ਸਿੱਖਿਆ ਮੰਤਰੀ ਟਾਈਸ ਰਾਬੇ ਨੇ ਕਿਹਾ ਕਿ ਇਹ ਪਾਬੰਦੀ ਲਾਗੂ ਕਰਨ ਲਈ ਉਹ ਸਰਕਾਰੀ ਨਿਯਮਾਂ ਨੂੰ ਬਦਲਣਗੇ। ਉਨ੍ਹਾਂ ਕਿਹਾ ਕਿ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਸੱਭਿਆਚਾਰ ਅਤੇ ਧਰਮ ਕੀ ਆਖਦੇ ਹਨ, ਸਕੂਲ ਵਿਚ ਹਰ ਵਿਦਿਆਰਥੀ-ਵਿਦਿਆਰਥਣ ਨੂੰ ਚਿਹਰਾ ਖੁੱਲ੍ਹਾ ਦਿਖਾਉਣਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸਕੂਲੀ ਅਧਿਕਾਰੀਆਂ ਦਾ ਮੰਨਣਾ ਹੈ ਕਿ ਸਾਰੇ ਸੱਭਿਆਚਾਰਾਂ ਤੇ ਧਰਮਾਂ ਤੋਂ ਬੱਚੇ ਤੇ ਨੌਜਵਾਨ ਜਮਾਤ ਦੀਆਂ ਗਤੀਵਿਧੀਆਂ ਵਿਚ ਬਰਾਬਰ ਹਿੱਸਾ ਲੈ ਸਕਣ, ਇਹ ਯਕੀਨੀ ਕਰਨਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵਿਦਿਆਰਥੀ ਦਾ ਚਿਹਰਾ ਪੂਰੀ ਤਰ੍ਹਾਂ ਢੱਕਿਆ ਹੋਵੇ ਤਾਂ ਇਹ ਇਕ ਹੱਦ ਪਾਰ ਹੋਣ ਵਾਂਗ ਹੈ ਜਿਸ ਤੋਂ ਸਿਖਾਉਣ ਦੀ ਪ੍ਰਕਿਰਿਆ ਪ੍ਰਭਾਵਿਤ ਹੁੰਦੀ ਹੈ। ਜਰਮਨੀ ਵਿਚ ਸਿੱਖਿਆ ਨਾਲ ਸਬੰਧਿਤ ਕਾਨੂੰਨ ਕੇਂਦਰ ਸਰਕਾਰ ਨਹੀਂ ਬਣਾਉਂਦੀ। ਏਦਾਂ ਦੇ ਕਾਨੂੰਨ ਉਥੋਂ ਦੀਆਂ ਸੂਬਾ ਸਰਕਾਰਾਂ ਬਣਾਉਂਦੀਆਂ ਹਨ। ਇਸ ਵਿਵਾਦ ਪਿੱਛੋਂ ਪੂਰੇ ਦੇਸ਼ ਵਿਚ ਸਕੂਲ ਵਿਚ ਬੁਰਕਾ ਪਹਿਨਣ ਉੱਤੇ ਬਹਿਸ ਛਿੜ ਗਈ ਹੈ।

# ਸੁਪਰ ਬਾਊਲ ਗੇਮ ਵੇਲੇ ਨਗਨ ਹੋਣ ਦੀ ਕੋਸ਼ਿਸ਼ ਕਰ ਰਹੀ ਮਾਡਲ ਕੈਲੀ ਨੂੰ ਸੁਰੱਖਿਆ ਵਾਲਿਆਂ ਨੇ ਫੜ੍ਹਿਆ



ਨਵੀਂ ਦਿੱਲੀ, 4 ਫਰਵਰੀ (ਪੋਸਟ ਬਿਊਰੋ)- ਇੰਸਟਾਗ੍ਰਾਮ ਮਾਡਲ ਕੈਲੀ ਕੇਅ ਨੇ ਸੁਪਰ ਬਾਉਲ ਦੀ ਇੱਕ ਗੇਮ ਸਿਟੀ ਤੇ ਸ਼ਾਨ ਫ੍ਰਾਂਸਿਸਕੋ ਵਿੱਚ ਵੜਨ ਦੀ ਕੋਸ਼ਿਸ਼ ਕੀਤੀ। ਬਾਊਲ ਵਿੱਚ ਉਦੋਂ ਕਨਸਾਸ ਸਿਟੀ ਤੇ ਸਾਨ ਫ੍ਰਾਂਸਿਸਕੋ 49 ਈ ਆਰ ਐੱਸ ਵਿਚਾਲੇ ਗੇਮ ਚੱਲ ਰਹੀ ਸੀ। ਕੈਲੀ ਫੌਰਨ ਸਟੇਡੀਅਮ ਵਿੱਚ ਆਣ ਵੜੀ। ਇਸ ਤੋਂ ਪਹਿਲਾਂ ਕਿ ਉਹ ਆਪਣੇ ਕੱਪੜੇ ਉਤਾਰ ਕੇ ਅੱਗੇ ਵਧਦੀ, ਸੁਰੱਖਿਆ ਵਾਲਿਆਂ ਨੇ ਉਸ ਨੂੰ ਫੜ ਲਿਆ। ਜਦੋਂ ਉਸ ਨੇ ਸ਼ਾਂਤੀ ਨਾਲ ਬਾਹਰ ਜਾਣ ਤੋਂ ਮਨ੍ਹਾ ਕੀਤਾ ਤਾਂ ਸੁਰੱਖਿਆ ਗਾਰਡ ਉਸ ਨੂੰ ਜ਼ਬਰਦਸਤੀ ਚੁੱਕ ਕੇ ਬਾਹਰ ਲੈ ਗਏ। ਅਜੇ ਇਹ ਸਾਫ ਨਹੀਂ ਹੈ ਕਿ ਉਸ ਨੂੰ ਪੁਲਸ ਸਟੇਸ਼ਨ ਲਿਜਾਇਆ ਗਿਆ ਜਾਂ ਸਟੇਡੀਅਮ 'ਚ ਬਣੇ ਹੋਲਡਿੰਗ ਸੈੱਲ ਵਿੱਚ ਰੱਖਿਆ ਗਿਆ ਹੈ।

ਇਸ ਘਟਨਾ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਕੈਲੀ ਨੂੰ ਜ਼ੋਰਦਾਰ ਰਿਸਪੌਂਸ ਮਿਲ ਰਿਹਾ ਹੈ, ਹਾਲਾਂਕਿ ਘਟਨਾ ਵੇਲੇ ਕਿਸੇ ਨੂੰ ਨਹੀਂ ਪਤਾ ਸੀ ਕਿ ਸਟੇਡੀਅਮ ਵਿੱਚ ਜ਼ਬਰਦਸਤੀ ਵੜ ਕੇ ਕੱਪੜੇ ਉਤਾਰਨ ਦੀ ਕੋਸ਼ਿਸ਼ ਕਰਨ ਵਾਲੀ ਕੁੜੀ ਕੌਣ ਹੈ। ਕੈਲੀ ਦੀ ਮਹਿਲਾ ਦੋਸਤ ਨੇ ਘਟਨਾ ਚੱਕਰ ਦੀ ਵੀਡੀਓ ਸ਼ੇਅਰ ਕਰ ਕੇ ਜਦੋਂ ਫੈਨਜ਼ ਨੂੰ ਦੱਸਿਆ ਕਿ ਉਕਤ ਮਹਿਲਾ ਕੌਣ ਹੈ ਤਾਂ ਸੋਸ਼ਲ ਮੀਡੀਆ 'ਤੇ ਕੈਲੀ ਟ੍ਰੈਂਡ ਵਿੱਚ ਆ ਗਈ। ਕੈਲੀ ਦੀ ਮਹਿਲਾ ਦੋਸਤ ਕੌਲਿਨ ਮੈਕਗਿਨਿਸ ਨੇ ਆਪਣੇ ਟਵਿੱਟਰ 'ਤੇ ਵੀਡੀਓ ਪੋਸਟ ਕਰ ਕੇ ਲਿਖਿਆ ਹੈ, 'ਲਵ ਯੂ।'

ਵਰਨਣ ਯੋਗ ਹੈ ਕਿ ਪਿਛਲੇ ਸਾਲ ਚੈਂਪੀਅਨਸ਼ਿਪ ਲੀਗ ਵੇਲੇ ਕਿਨਸਲੇ ਵੋਲਸਕੀ ਨਾਮੀ ਮਾਡਲ ਅਜਿਹਾ ਕਰ ਕੇ ਕਾਫੀ ਚਰਚਾ ਵਿੱਚ ਆ ਗਈ ਸੀ। ਕਿਨਸਲੇ ਨੇ ਆਪਣੇ ਬੁਆਏਫਰੈਂਡ ਵਿਟਲੀ ਦੀ ਵਪਾਰਕ ਵੈਬਸਾਈਟ ਦੀ ਪ੍ਰਮੋਸ਼ਨ ਲਈ ਇਹ ਸਭ ਕੀਤਾ ਸੀ, ਪਰ ਇਹ ਸਭ ਕਿਨਸਲੇ ਨੂੰ ਪੂਰੀ ਦੁਨੀਆ ਵਿੱਚ ਮਸ਼ਹੂਰ ਕਰ ਗਿਆ। ਦੱਸਿਆ ਗਿਆ ਕਿ ਕਿਨਸਲੇ ਦੇ ਇਸ ਘਟਨਾਚੱਕਰ ਤੋਂ ਬਾਅਦ 55 ਹਜ਼ਾਰ ਤੋਂ ਤਿੰਨ ਮਿਲੀਅਨ ਫਾਲੋਅਰਸ ਹੋ ਗਏ ਸਨ।

## ਹਾਈ ਕੋਰਟ ਤੋਂ ਪੰਜਾਬ ਦੇ ਚੀਫ ਸੈਕਟਰੀ ਨੂੰ ਮਾਣਹਾਨੀ ਨੋਟਿਸ ਜਾਰੀ

ਚੰਡੀਗੜ੍ਹ, 4 ਫਰਵਰੀ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਕੱਲ੍ਹ ਪੰਜਾਬ ਸਰਕਾਰ ਦੇ ਚੀਫ ਸੈਕਟਰੀ ਕਰਣ ਅਵਤਾਰ ਸਿੰਘ ਨੂੰ ਮਾਣਹਾਨੀ ਦਾ ਨੋਟਿਸ ਜਾਰੀ ਕੀਤਾ ਹੈ। ਇਹ ਕੇਸ ਕਤਲ ਦੇ ਦੋਸ਼ੀ ਉਮਰ ਕੈਦੀਆਂ ਦੀ ਅਗਾਊਂ ਰਿਹਾਈ ਤੇ ਸਜ਼ਾ ਮੁਆਫੀ ਬਾਰੇ ਪੰਜਾਬ ਸਰਕਾਰ ਨੂੰ ਦਿੱਤੀ ਹਦਾਇਤ'ਤੇ ਫੈਸਲਾ ਨਾ ਕਰਨ ਦਾ ਹੈ। ਐਡਵੋਕੇਟ ਐਚ ਸੀ ਅਰੋੜਾ ਨੇ ਪਿਛਲੇ ਸਾਲ ਜੂਨ ਮਹੀਨੇ ਪੰਜਾਬ ਸਰਕਾਰ ਨੂੰ ਇਹ ਮੰਗ ਭੇਜ ਕੇ ਕਿਹਾ ਸੀ ਕਿ ਕੀ ਕਤਲ ਕੇਸਾਂ ਵਿੱਚ ਉਮਰ ਕੈਦ ਵਾਲੇ ਦੋਸ਼ੀਆਂ ਨੂੰ ਅਗਾਊਂ ਰਿਹਾਈ ਜਾਂ ਸਜ਼ਾ ਮੁਆਫੀ ਤੋਂ ਪਹਿਲਾਂ ਪੀੜਤ ਪਰਵਾਰ ਨੂੰ ਸੁਣਵਾਈ ਦਾ ਮੌਕਾ ਦਿੱਤਾ ਜਾਵੇ ਅਤੇ ਉਨ੍ਹਾਂ ਲਈ ਢੁਕਵੇਂ ਮੁਆਵਜ਼ੇ ਅਦਾ ਕੀਤੇ ਜਾਣ। ਪੰਜਾਬ ਸਰਕਾਰ ਨੇ ਉਕਤ ਮੰਗ ਉੱਤੇ ਫੈਸਲਾ ਨਾ ਲਿਆ ਤਾਂ ਪਟੀਸ਼ਨਰ ਨੇ ਪੰਜਾਬ ਹਰਿਆਣਾ ਹਾਈ ਕੋਰਟ ਦਾ ਬੂਹਾ ਖੜਕਾਇਆ ਸੀ। ਬੀਤੇ ਅਕਤੂਬਰ ਵਿੱਚ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਇਸ ਮੰਗ ਉਤੇ ਜਲਦੀ ਕੋਈ ਫੈਸਲਾ ਲੈਣ ਦੇ ਨਿਰਦੇਸ਼ ਜਾਰੀ ਕੀਤੇ ਸਨ, ਪਰ ਪੰਜਾਬ ਸਰਕਾਰ ਨੇ ਹਾਈ ਕੋਰਟ ਦੇ ਹੁਕਮਾਂ ਦੀ ਪਾਲਣਾ ਨਹੀਂ ਕੀਤੀ। ਇਸ 'ਤੇ ਪਟੀਸ਼ਨਰ ਨੇ ਮਾਣਹਾਨੀ ਪਟੀਸ਼ਨ ਹਾਈ ਕੋਰਟ ਵਿੱਚ ਦਾਇਰ ਕੀਤੀ ਹੈ। ਉਸ ਨੇ ਦੋਸ਼ ਲਾਇਆ ਹੈ ਕਿ ਸਰਕਾਰ ਜਾਣ ਬੁੱਝ ਕੇ ਹਾਈ ਕੋਰਟ ਦੇ ਹੁਕਮਾਂ ਦੀ ਪਾਲਣਾ ਨਹੀਂ ਕਰ ਰਹੀ ਅਤੇ ਜਤਕ ਕੇਸਾਂ ਦੇ ਦੋਸ਼ੀ ਉਮਰ ਕੈਦੀਆਂ ਦੀਆਂ ਅਗਾਊਂ ਰਿਹਾਈਆਂ ਅਤੇ ਸਜ਼ਾ ਮੁਆਫੀਆਂ ਦੇ ਕੇਸ ਧੜਾਧੜ ਵਿਚਾਰੇ ਜਾ ਰਹੇ ਹਨ।

## ਕੋਰੋਨਾ ਵਾਇਰਸ ਕਾਰਨ ਅਮਰੀਕਾ ਵਿੱਚ ਚੀਨੀ ਰੈਸਟੋਰੈਂਟਾਂ ਉੱਤੇ ਬੇਰੌਣਕੀ ਪਸਰੀ



ਸਿਆਟਲ, 4 ਫਰਵਰੀ (ਪੋਸਟ ਬਿਊਰੋ)- ਚੀਨ ਤੋਂ ਸ਼ੁਰੂ ਹੋਏ ਖ਼ਤਰਨਾਕ 'ਕੋਰੋਨਾ ਵਾਇਰਸ' ਕਾਰਨ ਅਮਰੀਕਾ ਦੇ ਲੋਕ ਵੀ ਦਹਿਸ਼ਤ 'ਚ ਹਨ, ਜਿਸ ਕਾਰਨ ਵਪਾਰ 'ਤੇ ਇਸ ਦਾ ਬਹੁਤ ਮਾੜਾ ਅਸਰ ਦੇਖਣ ਨੂੰ ਮਿਲ ਰਿਹਾ ਹੈ।

ਤਾਜ਼ਾ ਰਿਪੋਰਟਾਂ ਅਨੁਸਾਰ ਇੱਥੇ ਕਰੀਬ ਹਰ ਸ਼ਹਿਰ ਵਿੱਚ 'ਚਾਈਨਾ ਟਾਊਨ' (ਚੀਨੀ ਬਾਜ਼ਾਰ) ਵੀ ਹਨ ਤੇ ਚੀਨੀ ਰੈਸਟੋਰੈਂਟ ਵੀ ਬਣੇ ਹੋਏ ਹਨ, ਜਿੱਥੇ ਬੇਰੌਣਕੀ ਪਸਰੀ ਪਈ ਹੈ। ਲੋਕ ਏਨੇ ਡਰ ਗਏ ਹਨ ਕਿ ਚੀਨੀ ਰੈਸਟੋਰੈਂਟਾਂ ਵਿੱਚ ਨਾ ਦੇ ਬਰਾਬਰ ਜਾ ਰਹੇ ਹਨ। ਸਿਆਟਲ ਦੇ ਕੁਝ ਬਹੁਤ ਪੁਰਾਣੇ ਤੇ ਪ੍ਰਸਿੱਧ ਚੀਨੀ ਰੈਸਟੋਰੈਂਟਾਂ ਦੇ ਮਾਲਕਾਂ ਦਾ ਕਹਿਣਾ ਹੈ ਕਿ ਇਸ ਵਾਇਰਸ ਕਾਰਨ ਉਨ੍ਹਾਂ ਦੇ ਵਪਾਰ 'ਤੇ ਬਹੁਤ ਵੱਡੀ ਸੱਟ ਵੱਜੀ ਹੈ, ਜਦ ਕਿ ਇੱਥੇ ਅਜਿਹੀ ਕੋਈ ਗੱਲ ਨਹੀਂ ਸੀ ਤੇ ਅਸੀਂ ਸਫ਼ਾਈ ਦਾ ਬਹੁਤ ਧਿਆਨ ਰੱਖਦੇ ਸੀ ਅਤੇ ਇਥੋਂ ਦਾ ਫੂਡ ਮਹਿਕਮਾ ਪਹਿਲਾਂ ਹੀ ਬਹੁਤ ਸਖ਼ਤ ਹੈ, ਫਿਰ ਵੀ ਲੋਕ ਡਰ ਦੇ ਮਾਰੇ ਨਹੀਂ ਆ ਰਹੇ। ਇਸੇ ਤਰ੍ਹਾਂ ਇਸ ਵਾਇਰਸ ਕਾਰਨ ਏਅਰ ਲਾਈਨਾਂ 'ਤੇ ਵੀ ਮਾੜਾ ਅਸਰ ਪਿਆ ਹੈ। ਲੋਕਾਂ ਨੇ ਜ਼ਰੂਰੀ ਕੰਮਾਂ ਤੋਂ ਬਿਨਾਂ ਟਿਕਟਾਂ ਕੈਂਸਲ ਕਰਵਾ ਦਿੱਤੀਆਂ ਹਨ। ਕਈ ਉਡਾਣਾਂ ਰੱਦ ਕੀਤੀਆਂ ਗਈਆਂ ਹਨ। ਲੋਕ ਇਸ ਵਾਇਰਸ ਕਾਰਨ ਕੋਈ ਖ਼ਤਰਾ ਨਹੀਂ ਲੈਣਾ ਚਾਹੁੰਦੇ, ਜਿਸ ਕਾਰਨ ਹੋਟਲ ਕਾਰੋਬਾਰ 'ਤੇ ਵੀ ਅਸਰ ਪਿਆ ਹੈ। ਸਿਆਟਲ ਦੇ ਪ੍ਰਸਿੰਧ ਹੋਟਲ ਕਾਰੋਬਾਰੀ ਜਤਿੰਦਰ ਸਿੰਘ ਸਪਰਾਏ ਨੇ ਕਿਹਾ ਕਿ 'ਕੋਰੋਨਾ ਵਾਇਰਸ' ਕਾਰਨ ਲੋਕਾਂ ਨੇ ਪਿਛਲੇ ਦਿਨਾਂ ਤੋਂ ਕਈ ਬੁਕਿੰਗਾਂ ਕੈਂਸਲ ਕਰਵਾ ਦਿੱਤੀਆਂ ਤੇ ਨਵੀਆਂ ਬੁਕਿੰਗ ਘਟ ਗਈਆਂ ਹਨ। ਸੰਕਟ 'ਚੋਂ ਨਿਕਲ ਰਹੇ ਟੈਕਸੀ ਕਾਰੋਬਾਰੀਆਂ ਨੇ ਕਿਹਾ ਕਿ ਇੱਥੇ ਏਅਰਪੋਰਟਾਂ 'ਤੇ ਵੀ ਮੰਦਹਾਲੀ ਦਾ ਦੌਰ ਹੈ, ਕਿਉਂਕਿ ਲੋਕ ਘੱਟ ਆ ਜਾ ਰਹੇ ਹਨ।

# ਗਰੀਬੀ ਅਤੇ ਨੌਜਵਾਨਾਂ ਅੰਦਰ ਖੁਦਕੁਸ਼ੀਆਂ ਦਾ ਆਪਸੀ ਸਬੰਧ



ਨਿਊ ਯਾਰਕ, 4 ਫਰਵਰੀ (ਪੋਸਟ ਬਿਊਰੋ)- ਖੋਜਕਾਰਾਂ ਨੇ ਸਿੱਟਾ ਕੱਢਿਆ ਹੈ ਕਿ ਗਰੀਬੀ ਵਿੱਚ ਰਹਿੰਦੇ ਅੱਲ੍ਹੜ ਨੌਜਵਾਨ ਖੁਦਕੁਸ਼ੀਆਂ ਵਿਸ਼ੇਸ਼ ਕਰ ਕੇ ਬੰਦੂਕਾਂ-ਪਿਸਤੌਲਾਂ ਨਾਲ ਹੋਣ ਵਾਲੀਆਂ ਵਧੇਰੇ ਖਤਰੇ ਦਾ ਸ਼ਿਕਾਰ ਹੋ ਸਕਦੇ ਹਨ।

ਇੱਕ ਅਧਿਐਨ ਮੁਤਾਬਕ 20 ਸਾਲਾਂ ਤੋਂ ਘੱਟ ਦੀ ਉਮਰ ਵਾਲੇ ਨੌਜਵਾਨਾਂ ਵਿੱਚ ਖੁਦਕੁਸ਼ੀਆਂ ਦੇ ਰੁਝਾਨ ਅਮਰੀਕਾ ਵਿੱਚ ਵਧ ਰਿਹਾ ਹੈ ਅਤੇ ਇਹ ਦਰ ਪਿਛਲੇ ਦਹਾਕੇ ਦੀ ਦਰ ਤੋਂ ਲਗਭਗ ਦੁੱਗਣੀ ਹੋ ਗਈ ਹੈ। ਸਾਲ 2007 ਤੋਂ 2016 ਵਿਚਕਾਰ ਪੰਜ ਤੋਂ 19 ਸਾਲ ਦੇ ਵਿਚਕਾਰਲੀ ਉਮਰ ਦੇ ਲਗਭਗ 21 ਹਜ਼ਾਰ ਬੱਚੇ ਖੁਦਕੁਸ਼ੀਆਂ ਕਰ ਚੁੱਕੇ ਹਨ।

ਬੱਚਿਆਂ ਦੀਆਂ ਬਿਮਾਰੀਆਂ ਬਾਰੇ ਜਾਮਾ ਪੈਡੀਐਟ੍ਰਿਕਸ ਰਸਾਲੇ ਵਿੱਚ ਛਪੀ ਇੱਕ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਗਰੀਬੀ ਅਤੇ ਨੌਜਵਾਨਾਂ ਤੇ ਬੱਚਿਆਂ ਅੰਦਰ ਖੁਦਕੁਸ਼ੀਆਂ ਦਾ ਆਪਸੀ ਸੰਬੰਧੀ ਹੈ। ਬੱਚਿਆਂ ਦੇ ਬੋਸਟਨ ਹਸਪਤਾਲ ਦੇ ਖੋਜਕਾਰਾਂ ਲੂਈ ਲੀ ਅਨੁਸਾਰ ਜਿਵੇਂ ਜਿਵੇਂ ਗਰੀਬੀ ਦਾ ਵਾਧਾ ਹੋਇਆ ਉਵੇਂ ਉਵੇਂ ਖੁਦਕੁਸ਼ੀਆਂ ਦੀ ਗਿਣਤੀ ਵਧੀ ਹੈ। ਖੋਜ ਵਿੱਚ ਜਾਣਕਾਰੀ ਮਿਲੀ ਹੈ ਕਿ ਸਭ ਤੋਂ ਵੱਧ ਗਰੀਬੀ ਦੀ ਪੱਧਰ ਵਿੱਚ ਰਹਿਣ ਵਾਲੇ ਇਲਾਕਿਆਂ ਦੇ ਬੱਚਿਆਂ ਵਿੱਚ ਖੁਦਕੁਸ਼ੀ ਦੀ ਦਰ 37 ਫੀਸਦੀ ਵਧੇਰੇ ਸੀ। ਇਸ ਵਿੱਚ ਕਿਹਾ ਗਿਆ ਹੈ ਕਿ ਜਿੱਥੇ ਬੱਚੇ ਗਰੀਬੀ ਵਿੱਚ ਰਹਿੰਦੇ ਹਨ ਉਥੇ ਵਧੇਰੇ ਪਰਵਾਰਕ ਝਗੜੇ, ਹਿੰਸਾ, ਸਮਾਜਕ ਬਿਖੇੜਾ ਤੇ ਵੱਡਿਆਂ ਵਿੱਚ ਹਾਂ ਪੱਖੀ ਸੰਬੰਧਾਂ ਦੀ ਕਮੀ ਅਤੇ ਨਿਰਾਸ਼ਾ ਤੇ ਚਿੰਤਾ ਕਾਰਨ ਜਜ਼ਬਾਤੀ ਮੁਸ਼ਕਲਾਂ ਦੇਖੀਆਂ ਗਈਆਂ।

## ਸੰਗੀਤ ਭਰਪੂਰ ਅਲਾਰਮ ਸਵੇਰ ਦੀ ਸੁਸਤੀ ਨੂੰ ਘੱਟ ਕਰਨ ਵਿੱਚ ਮਦਦਗਾਰ ਹੋ ਸਕਦੈ



ਮੈਲਬੋਰਨ, 4 ਫਰਵਰੀ (ਪੋਸਟ ਬਿਊਰੋ)- ਜੇ ਤੁਸੀਂ ਸੌਂ ਕੇ ਉਠਣ ਤੋਂ ਬਾਅਦ ਵੀ ਤਾਜ਼ਗੀ ਦੀ ਥਾਂ ਸੁਸਤੀ ਮਹਿਸੂਸ ਕਰਦੇ ਹੋ ਤਾਂ ਸੰਗੀਤ ਭਰਪੂਰ ਅਲਾਰਮ ਨੀਂਦ ਤੋਂ ਜਾਗਦੇ ਸਾਰ ਤੁਹਾਡਾ ਮੂਡ ਚੰਗਾ ਕਰ ਸਕਦਾ ਹੈ।

ਰਸਾਲੇ ਪੀ ਐੱਲ ਓ ਐੱਸ ਵਨ ਵਿੱਚ ਛਪੀ ਖੋਜ ਵਿੱਚ ਕਿਹਾ ਗਿਆ ਹੈ ਕਿ ਸਵੇਰੇ ਜਿੰਦਾਂ ਦਾ ਅਲਾਰਮ ਸੁਣ ਕੇ ਲੋਕ ਜਾਗਦੇ ਹਨ, ਉਹ ਤੈਅ ਕਰਦਾ ਹੈ ਕਿ ਉਨ੍ਹਾਂ ਦੀ ਸੁਸਤੀ ਦੂਰ ਹੋਵੇਗੀ ਜਾਂ ਨਹੀਂ। ਆਸਟਰੇਲੀਆ ਦੀ ਆਰ ਐੱਮ ਆਈ ਟੀ ਯੂਨੀਵਰਸਿਟੀ ਦੇ ਖੋਜੀਆਂ ਨੇ ਦੇਖਿਆ ਕਿ ਸੰਗੀਤ ਵਾਲੇ ਅਲਾਰਮ ਨਾਲ ਚੌਕਸੀ ਦਾ ਪੱਧਰ ਬਿਹਤਰ ਹੋ ਸਕਦਾ ਹੈ, ਇਸ ਦੇ ਉਲਟ ਕੜਕਵੀਂ ਧੁਨੀ ਨਾਲ ਸਵੇਰ ਸਮੇਂ ਸੁਸਤੀ ਵਧ ਸਕਦੀ ਹੈ। ਇਹ ਨਤੀਜਾ ਉਨ੍ਹਾਂ ਲੋਕਾਂ ਲਈ ਲਾਭ ਦਾਇਕ ਹੋ ਸਕਦਾ ਹੈ, ਜਿਨ੍ਹਾਂ ਨੇ ਸਵੇਰੇ ਉਠਦੇ ਸਾਰ ਕੰਮ 'ਤੇ ਲੱਗ ਜਾਣਾ ਹੁੰਦਾ ਹੈ।

ਯੂਨੀਵਰਸਿਟੀ ਵਿੱਚ ਐਸੋਸੀਏਟ ਪ੍ਰੋਫੈਸਰ ਐਡਰਿਆਨ ਡਾਇਰ ਨੇ ਕਿਹਾ ਕਿ ਨੀਂਦ ਤੋਂ ਜਾਗਣ 'ਤੇ 'ਬੀਪ-ਬੀਪ' ਦੀ ਕੜਕਵੀਂ ਆਵਾਜ਼ ਨਾਲੀ ਦਿਮਾਗ ਦੀਆਂ ਗਤੀਵਿਧੀਆਂ ਪ੍ਰਭਾਵਤ ਹੋ ਜਾਂਦੀਆਂ ਹਨ, ਪਰ ਮਿੱਠੀ ਧੁਨੀ ਜਿਵੇਂ ਕਿ ਬੀਚ ਬੁਆਇਜ਼ ਦੀ 'ਗੁੱਡ ਵਾਈਬ੍ਰੇਸ਼ਨਸ' ਨਾਲ ਅਸੀਂ ਚੰਗੀ ਤਰ੍ਹਾਂ ਜਾਗ ਜਾਂਦੇ ਹਾਂ। ਮੁੱਖ ਖੋਜਕਾਰ ਸਟੁਅਰਟ ਮੈਕਾਫਾਰਲੇਨ ਨੇ ਕਿਹਾ ਕਿ ਇਹ ਉਨ੍ਹਾਂ ਲੋਕਾਂ ਲਈ ਖਾਸ ਅਰਥ ਰੱਖਦਾ ਹੈ, ਜੋ ਜਾਗਦੇ ਹੀ ਖਤਰਨਾਕ ਹਾਲਾਤ ਵਿੱਚ ਕੰਮ ਕਰਦੇ ਹਨ ਜਿਵੇਂ ਫਾਇਰ ਬ੍ਰਿਗੇਡ ਵਾਲਿਆਂ ਦਾ ਕੰਮ, ਪਾਇਲਟ ਦੇ ਰੂਪ ਵਿੱਚ ਜਹਾਜ਼ ਉਡਾਉਣ ਦਾ ਕੰਮ, ਹਸਪਤਾਲ ਜਾਂ ਕੋਈ ਹੋਰ ਐਮਰਜੈਂਸੀ, ਜਿਸ ਵਿੱਚ ਲੋਕਾਂ ਨੂੰ ਬੇਹੱਦ ਚੌਕਸ ਰਹਿਣਾ ਪੈਂਦਾ ਹੈ।

## ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੂੰ ਹਾਈ ਕੋਰਟ ਵੱਲੋਂ ਨੋਟਿਸ ਜਾਰੀ




ਪਟਿਆਲਾ, 4 ਫਰਵਰੀ (ਪੋਸਟ ਬਿਊਰੋ)- ਮਾਇਆ ਦੇ ਸੰਕਟ ਵਿੱਚ ਫਸੀ ਪੰਜਾਬੀ ਯੂਨੀਵਰਸਿਟੀ ਇੱਕ ਭਰਤੀ ਮਾਮਲੇ ਵਿੱਚ ਵੀ ਘਿਰਦੀ ਨਜ਼ਰ ਆ ਰਹੀ ਹੈ। ਇਸ ਬਾਰੇ ਹਾਈ ਕੋਰਟ ਨੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੂੰ ਨੋਟਿਸ ਜਾਰੀ ਕੀਤਾ ਹੈ ਅਤੇ ਨਾਲ ਅਦਾਲਤ ਨੇ ਪ੍ਰਿੰਸੀਪਲ ਸੈਕਟਰੀ ਉਚੇਰੀ ਸਿੱਖਿਆ, ਰਜਿਸਟਰਾਰ, ਏ ਡੀ ਜੀ ਪੀ ਵਿਜੀਲੈਂਸ ਬਿਓਰੋ ਚੰਡੀਗੜ੍ਹ, ਐਸ ਐਸ ਪੀ ਵਿਜੀਲੈਂਸ ਬਿਊਰੋ ਪਟਿਆਲਾ ਅਤੇ ਐਸ ਸੀ ਬੀ ਸੀ ਭਲਾਈ ਵਿੰਗ ਦੇ ਡਾਇਰੈਕਟਰ ਨੂੰ ਵੀ ਨੋਟਿਸ ਜਾਰੀ ਕੀਤਾ ਹੈ। ਵਰਨਣ ਯੋਗ ਹੈ ਕਿ ਯੂਨੀਵਰਸਿਟੀ 'ਚ ਸਾਬਕਾ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਦੇ ਸਮੇਂ ਸੱਤ ਸਹਾਇਕ ਪ੍ਰੋਫੈਸਰਾਂ ਦੀ ਭਰਤੀ ਦੀ ਕਮੇਟੀ ਨੇ ਜਾਂਚ ਕੀਤੀ, ਸੀ ਪ੍ਰੰਤੂ ਕਾਫ਼ੀ ਸਮਾਂ ਲੰਘਣ 'ਤੇ ਯੂਨੀਵਰਸਿਟੀ ਨੇ ਕੋਈ ਕਾਰਵਾਈ ਨਹੀਂ ਕੀਤੀ। ਇਸ ਪਿੱਛੋਂ ਹਰਵਿੰਦਰ ਸਿੰਘ ਸੰਧੂ ਨੂੰ ਹਾਈ ਕੋਰਟ 'ਚ ਪਹੁੰਚ ਕੀਤੀ ਹੈ।

ਪਟੀਸ਼ਨ ਕਰਤਾ ਹਰਵਿੰਦਰ ਸਿੰਘ ਸੰਧੂ ਨੇ ਕਿਹਾ ਕਿ ਗ਼ਲਤ ਐਸ ਸੀ ਸਰਟੀਫਿਕੇਟ ਲਾ ਕੇ ਨੌਕਰੀਆਂ ਲੈਣ ਵਾਲੇ ਸੱਤ ਸਹਾਇਕ ਪ੍ਰੋਫੈਸਰਾਂ ਤੇ ਪੰਜਾਬੀ ਯੂਨੀਵਰਸਿਟੀ ਦੇ ਖ਼ਿਲਾਫ਼ ਹਾਈ ਕੋਰਟ ਵਿੱਚ ਰਿੱਟ ਪਾਉਣ ਉੱਤੇ ਹਾਈ ਕੋਰਟ ਨੇ ਨੋਟਿਸ ਜਾਰੀ ਕੀਤਾ ਹੈ। ਸੰਧੂ ਨੇ ਕਿਹਾ ਕਿ ਇਸ ਕੇਸ ਸਬੰਧੀ ਸਭ ਤੋਂ ਪਹਿਲਾਂ ਕਾਰਜਕਾਰੀ ਵਾਈਸ ਚਾਂਸਲਰ ਅਨੁਰਾਗ ਵਰਮਾ ਨੇ 'ਵਰਸਿਟੀ ਦੇ ਹੁਕਮ ਉੱਤੇ ਡਾ. ਸੁਮਰਪ੍ਰੀਤ ਕੌਰ ਅਤੇ ਡਾ. ਬੀ ਐਸ ਸੰਧੂ ਦੀ ਕਮੇਟੀ ਨੇ ਜਾਂਚ ਕੀਤੀ। ਇਸ ਤੋਂ ਬਾਅਦ ਦੋ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਆਈ ਪੀ ਐਸ, ਵੀ ਕੇ ਕਪੂਰ ਅਤੇ ਆਈ ਏ ਐਸ ਜਗਜੀਤ ਪੁਰੀ ਨੇ ਵੀ ਆਪਣੀ ਰਿਪੋਰਟ 'ਚ ਭਰਤੀ ਗ਼ਲਤ ਮੰਨੀ ਸੀ। ਡਾਇਰੈਕਟਰ, ਵੈਲਫੇਅਰ ਆਫ ਐਸ ਸੀਜ਼ ਅਤੇ ਬੀ ਸੀਜ਼ ਮਾਲਵਿੰਦਰ ਸਿੰਘ ਜੱਗੀ ਨੇ ਵੀ ਆਪਣੀ ਰਿਪੋਰਟ ਵਿੱਚ ਇਨ੍ਹਾਂ ਸਹਾਇਕ ਪ੍ਰੋਫੈਸਰਾਂ ਦੀਆਂ ਭਰਤੀਆਂ ਨੂੰ ਗ਼ਲਤ ਦੱਸਿਆ।

# ਜਾਵਡੇਕਰ ਨੇ ਕੇਜਰੀਵਾਲ ਨੂੰ ਅੱਤਵਾਦੀ ਕਿਹਾ

ਨਵੀਂ ਦਿੱਲੀ, 4 ਫਰਵਰੀ (ਪੋਸਟ ਬਿਊਰੋ)- ਕੇਂਦਰੀ ਮੰਤਰੀ ਪ੍ਰਕਾਸ਼ ਜਾਵਡੇਕਰ ਨੇ ਕੱਲ੍ਹ ਕਿਹਾ ਸੀ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਖੁਦ ਨੂੰ ਅਰਾਜਕਤਾਵਾਦੀ ਦੱਸਿਆ ਸੀ ਤੇ ਇੱਕ ਅਰਾਜਕਤਾਵਾਦੀ ਅਤੇ ਅੱਤਵਾਦੀ ਦਾ ਬਹੁਤ ਫਰਕ ਨਹੀਂ ਹੁੰਦਾ। ਕੇਜਰੀਵਾਲ ਨੂੰ ਅੱਤਵਾਦੀ ਕਹੇ ਜਾਣ ਬਾਰੇ ਚੋਣ ਕਮਿਸ਼ਨ ਵੱਲੋਂ ਭਾਜਪਾ ਦੇ ਐੱਮ ਪੀ ਪ੍ਰਵੇਸ਼ ਵਰਮਾ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਜਾਣ ਪਿੱਛੋਂ ਜਾਵਡੇਕਰ ਨੇ ਉਕਤ ਗੱਲ ਕਹੀ।

ਜਾਵਡੇਕਰ ਨੇ ਪੰਜਾਬ ਵਿਧਾਨ ਸਭਾ ਦੀਆਂ ਕਰੀਬ ਤਿੰਨ ਸਾਲ ਪਹਿਲਾਂ ਹੋਈਆਂ ਚੋਣਾਂ ਵੇਲੇ ਕੇਜਰੀਵਾਲ ਦੇ ਮੋਗਾ ਵਿੱਚ ਖਾਲਿਸਤਾਨ ਕਮਾਂਡੋ ਫੋਰਸ ਦੇ ਕਮਾਂਡਰ ਗੁਰਿੰਦਰ ਸਿੰਘ ਦੇ ਘਰ ਰਾਤ ਰੁਕਣ ਦਾ ਮੁੱਦਾ ਵੀ ਉਠਾਇਆ ਅਤੇ ਕਿਹਾ ਕਿ ਉਹ ਮਕਾਨ ਇੱਕ ਅੱਤਵਾਦੀ ਦਾ ਸੀ। ਇਸ ਦੇ ਬਾਵਜੂਦ ਕੇਜਰੀਵਾਲ ਉਥੇ ਰੁਕੇ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਾਵਡੇਕਰ ਨੇ ਕਿਹਾ ਕਿ ਕੇਜਰੀਵਾਲ ਬਿਲਕੁਲ ਮਾਸੂਮ ਚਿਹਰਾ ਬਣਾ ਕੇ ਸਵਾਲ ਕਰ ਰਹੇ ਹਨ ਕਿ ਕੀ ਮੈਂ ਅੱਤਵਾਦੀ ਹਾਂ? ਜਾਵਡੇਕਰ ਨੇ ਕਿਹਾ ਕਿ ਕੇਜਰੀਵਾਲ ਅੱਤਵਾਦੀ ਹਨ ਤੇ ਇਹ ਸਾਬਿਤ ਕਰਨ ਲਈ ਬਹੁਤ ਸਬੂਤ ਹਨ। ਕੇਜਰੀਵਾਲ ਨੇ ਖੁਦ ਹੀ ਕਿਹਾ ਸੀ ਕਿ ਮੈਂ ਅਰਾਜਕਤਾਵਾਦੀ ਹਾਂ। ਅਰਾਜਕਤਾਵਾਦੀ ਅਤੇ ਅੱਤਵਾਦੀ ਵਿੱਚ ਵਧੇਰੇ ਫਰਕ ਨਹੀਂ ਹੁੰਦਾ।

ਆਮ ਆਦਮੀ ਪਾਰਟੀ (ਆਪ) ਨੇ ਜਾਵਡੇਕਰ ਨੂੰ ਕਿਹਾ ਕਿ ਜੇ ਭਾਜਪਾ ਕੋਲ ਅਰਵਿੰਦ ਕੇਜਰੀਵਾਲ ਦੇ ਅੱਤਵਾਦੀ ਹੋਣ ਦੇ ਸਬੂਤ ਹਨ ਤਾਂ ਉਹ ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਵਿਖਾਏ। ਕੇਜਰੀਵਾਲ ਨੇ ਇੱਕ ਵੀਡੀਓ ਟਵੀਟ ਰਾਹੀਂ ਭਾਜਪਾ ਆਗੂਆਂ ਨੂੰ ਕਿਹਾ ਕਿ ਉਹ ਦਿੱਲੀ ਦੇ ਬਹਾਦਰ ਸ਼ਹੀਦਾਂ ਦੇ ਪਰਵਾਰਾਂ ਨੂੰ ਮਿਲਣ ਗਏ ਸਨ। ਇਨ੍ਹਾਂ ਪਰਵਾਰਾਂ ਨੇ ਉਨ੍ਹਾਂ ਦੇ ਨਾਲ ਕੁਝ ਅਹਿਮ ਗੱਲਾਂ ਕਰਨੀਆਂ ਹਨ। ਵੀਡੀਓ ਵਿੱਚ ਸ਼ਹੀਦਾਂ ਦੇ ਪਰਵਾਰਕ ਮੈਂਬਰ ਕਹਿ ਰਹੇ ਹਨ ਕਿ ਉਨ੍ਹਾਂ ਅੱਜ ਤੱਕ ਕੇਜਰੀਵਾਲ ਵਰਗਾ ਅਜਿਹਾ ਕੋਈ ਮੁੱਖ ਮੰਤਰੀ ਨਹੀਂ ਵੇਖਿਆ, ਜਿਸ ਨੇ ਸ਼ਹੀਦਾਂ ਦੇ ਪਰਵਾਰਾਂ ਦਾ ਧਿਆਨ ਰੱਖਿਆ ਹੋਵੇ। ਅਜਿਹੇ ਮੁੱਖ ਮੰਤਰੀ ਨੂੰ ਅੱਤਵਾਦੀ ਕਹਿ ਕੇ ਭਾਜਪਾ ਨੇ ਸ਼ਹੀਦਾਂ ਦੀ ਸ਼ਹਾਦਤ ਦਾ ਅਪਮਾਨ ਕੀਤਾ ਹੈ।

ਦਿੱਲੀ ਪੁਲਸ ਦੇ ਇੱਕ ਸ਼ਹੀਦ ਜਵਾਨ ਅਮਰਪਾਲ ਦੇ ਪੁੱਤਰ ਰਵੀ ਨੇ ਕੇਜਰੀਵਾਲ ਨੂੰ ਅੱਤਵਾਦੀ ਕਹੇ ਜਾਣ ਉਤੇ ਨਾਰਾਜ਼ਗੀ ਪ੍ਰਗਟ ਕਰਦਿਆਂ ਕਿਹਾ ਕਿ ਜੋ ਵਿਅਕਤੀ ਦੇਸ਼ ਤੇ ਲੋਕਾਂ ਦੀ ਸੇਵਾ ਕਰ ਰਿਹਾ ਹੈ, ਭਾਜਪਾ ਉਸੇ ਨੂੰ ਅੱਤਵਾਦੀ ਕਹਿ ਰਹੀ ਹੈ। ਇਹ ਤਾਂ ਹੱਦ ਹੋ ਗਈ ਹੈ। ਰਵੀ ਨੇ ਕਿਹਾ ਕਿ ਉਸ ਦੇ ਪਿਤਾ ਦਿੱਲੀ ਪੁਲਸ ਦੇ ਏ ਐਸ ਆਈ ਸਨ। ਉਹ ਇਹ ਕਹਿਣਾ ਚਾਹੁੰਦਾ ਹੈ ਕਿ ਅਜਿਹੇ ਸ਼ਬਦਾਂ ਦੀ ਵਰਤੋਂ ਨਾ ਤਾਂ ਸਿਆਸਤ ਵਿੱਚ ਅਤੇ ਨਾ ਹੀ ਕਿਤੇ ਹੋਰ ਹੋਣੀ ਚਾਹੀਦੀ ਹੈ।


ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਨਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection


Avtar Singh Tiwana
Sales Representative




Tel: 905.793.5777
416.802.5866
31 Melanie Dr. Unit #4 Brampton, ON L6T 5H8




Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।




VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।




Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।



# ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕੜਾਹ ਪ੍ਰਸ਼ਾਦ ਦੇ ਪੈਸਿਆਂ ਵਿੱਚ ਘਪਲਾ

ਅਨੰਦਪੁਰ ਸਾਹਿਬ, 4 ਫਰਵਰੀ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੇਠਲ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਰੋਜ਼ ਆਉਂਦੇ ਹਜ਼ਾਰਾਂ ਸ਼ਰਧਾਲੂ ਨਕਦ ਪੈਸੇ ਦੇ ਕੇ ਸ਼੍ਰੋਮਣੀ ਕਮੇਟੀ ਦੇ ਕਾਊਂਟਰ ਤੋਂ ਕੜਾਹ ਪ੍ਰਸ਼ਾਦ ਲੈਂਦੇ ਅਤੇ ਤਖ਼ਤ ਸਾਹਿਬ ਵਿਖੇ ਚੜ੍ਹਾ ਦੇਂਦੇ ਹਨ, ਜਿਸ ਨੂੰ ਉਹ ਅਰਦਾਸ ਦੇ ਬਾਅਦ ਆਪਣੇ ਘਰ ਲੈ ਜਾਂਦੇ ਹਨ। ਇਸ ਦੀ ਵੱਟਤ ਹਰ ਸਾਲ ਲੱਖਾਂ ਰੁਪਏ ਬਣਦੀ ਹੈ। ਬੀਤੇ ਦਿਨੀਂ ਭੇਦ ਖੁੱਲ੍ਹਾ ਕਿ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਨੇ ਕੜਾਹ ਪ੍ਰਸ਼ਾਦ ਤੋਂ ਹੋਣ ਵਾਲੀ ਵੱਟਤ ਨੂੰ ਜਮ੍ਹਾਂ ਹੀ ਨਹੀਂ ਕਰਵਾਇਆ। ਇਸ ਦਾ ਓਦੋਂ ਪਤਾ ਲੱਗਾ, ਜਦੋਂ ਉਸ ਕੰਮ ਦਾ ਚਾਰਜ ਨਵੇਂ ਮੁਲਾਜ਼ਮ ਨੂੰ ਦਿੱਤਾ ਗਿਆ ਅਤੇ ਨਵੇਂ ਸੇਵਾਦਾਰ ਨੇ ਚਾਰਜ ਲੈਣ ਮੌਕੇ ਇਸ ਦੀ ਘੋਖ ਕੀਤੀ।

ਤਖ਼ਤ ਕੇਸਗੜ੍ਹ ਸਾਹਿਬ ਦੇ ਉੱਚ ਪੱਧਰੀ ਸੂਤਰਾਂ ਅਨੁਸਾਰ ਸ਼ਰਧਾਲੂਆਂ ਵੱਲੋਂ ਕੜਾਹ ਪ੍ਰਸ਼ਾਦ ਲਈ ਚੜ੍ਹਾਏ ਪੈਸੇ ਨੂੰ ਖੁਰਦ-ਬੁਰਦ ਕਰਨ ਜਾਂ ਜਮ੍ਹਾਂ ਨਾ ਕਰਾਉਣ ਦਾ ਇਹ ਕੰਮ ਕਰੀਬ ਇਕ ਸਾਲ ਤੋਂ ਚੱਲਦਾ ਸੀ ਤੇ ਇਹ ਰਕਮ ਲੱਖਾਂ ਦੀ ਹੋ ਚੁੱਕੀ ਸੀ। ਦੱਸਿਆ ਗਿਆ ਹੈ ਕਿ ਇਸ ਬਾਰੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨੂੰ ਕੋਈ ਪਤਾ ਨਹੀਂ ਸੀ। ਦੋਸ਼ੀ ਮੁਲਾਜ਼ਮ ਦੀ ਸੇਵਾਮੁਕਤੀ ਤੋਂ ਤਿੰਨ ਚਾਰ ਦਿਨ ਪਹਿਲਾਂ ਸਾਹਮਣੇ ਆਏ ਇਸ ਘਪਲੇ ਨੇ ਜਿੱਥੇ ਸਮੁੱਚੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਤੇ ਸ਼ਰਧਾਲੂਆਂ ਦੀ ਆਸਥਾ ਨਾਲ ਹੋ ਰਹੇ ਖਿਲਵਾੜ ਨੇ ਸਭ ਨੂੰ ਹੈਰਾਨ ਕੀਤਾ ਹੈ, ਓਥੇ ਗੁਰਦੁਆਰਾ ਪ੍ਰਬੰਧਾਂ ਉੱਤੇ ਸੁਆਲੀਆ ਚਿੰਨ੍ਹ ਲਾ ਦਿੱਤਾ ਹੈ। ਇਸ ਬਾਰੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਜਾਂਚ ਕਰ ਕੇ ਗਏ ਅਧਿਕਾਰੀ ਗੁਲਜ਼ਾਰ ਸਿੰਘ ਨੇ ਪੁਸ਼ਟੀ ਕਰਦੇ ਹੋਏ ਕਿਹਾ ਕਿ ਮੈਂ ਆਪਣੀ ਪੜਤਾਲ ਰਿਪੋਰਟ ਸਕੱਤਰ ਨੂੰ ਦੇ ਦਿੱਤੀ ਹੋ।

## ਇਸਤਰੀ ਆਗੂਆਂ ਵੱਲੋਂ ਮੋਦੀ ਨੂੰ ਚਿੱਠੀ

# ਭਾਜਪਾ ਆਗੂਆਂ ਦੇ ਬਿਆਨ ਔਰਤਾਂ ਖ਼ਿਲਾਫ਼ ਹਿੰਸਕ ਮਾਹੌਲ ਬਣਾ ਰਹੇ

ਨਵੀਂ ਦਿੱਲੀ, 4 ਫਰਵਰੀ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 170 ਤੋਂ ਵੱਧ ਮਹਿਲਾ ਕਾਰਕੁਨਾਂ ਅਤੇ ਔਰਤਾਂ ਦੇ ਕੁਝ ਸੰਗਠਨਾਂ ਨੇ ਖੁੱਲ੍ਹੀ ਚਿੱਠੀ ਲਿਖ ਕੇ ਭਾਜਪਾ ਆਗੂਆਂ ਵੱਲੋਂ ਦਿੱਲੀ ਦੀ ਚੋਣ ਮੁਹਿੰਮ ਵਿੱਚ ਨਫ਼ਰਤੀ ਭਾਸ਼ਨਾਂ ਦਾ ਸਹਾਰਾ ਲਏ ਜਾਣ ਉੱਤੇ ਡਰ ਦਾ ਪ੍ਰਗਟਾਵਾ ਕੀਤਾ ਹੈ। ਇਨ੍ਹਾਂ ਔਰਤਾਂ ਨੇ ਕਿਹਾ ਹੈ ਕਿ 'ਚੋਣ ਪ੍ਰਚਾਰ ਵਿੱਚ ਬਲਾਤਕਾਰ ਹੋਣ ਦੇ ਡਰ ਨੂੰ ਸੁਨੇਹੇ ਵਜੋਂ ਵਰਤਿਆ ਜਾ ਰਿਹਾ ਹੈ।'



ਆਪਣੇ ਪੱਤਰ ਵਿੱਚ ਇਨ੍ਹਾਂ ਆਗੂਆਂ ਅਤੇ ਗਰੁੱਪਾਂ ਨੇ ਦੋਸ਼ ਲਾਇਆ ਹੈ ਕਿ ਭਾਜਪਾ ਆਗੂਆਂ ਦੇ ਬਿਆਨ ਉਨ੍ਹਾਂ ਦੇ ਹਮਾਇਤੀਆਂ ਨੂੰ ਨਵੇਂ ਨਾਗਰਿਕਤਾ ਕਾਨੂੰਨ ਖ਼ਿਲਾਫ਼ (ਸੀ ਏ ਏ), ਐਨ ਆਰ ਸੀ ਅਤੇ ਐਨ ਪੀ ਆਰ ਵਿਰੁੱਧ ਰੋਸ ਪ੍ਰਗਟ ਕਰ ਰਹੀਆਂ ਔਰਤਾਂ ਦੇ ਖ਼ਿਲਾਫ਼ ਹਿੰਸਾ ਲਈ ਉਕਸਾ ਰਹੇ ਹਨ ਅਤੇ 'ਹਿੰਸਾ ਦਾ ਮਾਹੌਲ' ਬਣ ਰਿਹਾ ਹੈ। ਉਨ੍ਹਾਂ ਨੇ ਪੱਤਰ ਲਿਖ ਕੇ ਪ੍ਰਧਾਨ ਮੰਤਰੀ ਨੂੰ ਸਵਾਲ ਕੀਤਾ ਹੈ ਕਿ 'ਦੇਸ਼ ਦਾ ਮੁਖੀ ਹੋਣ ਦੇ ਨਾਤੇ ਉਹ ਕਿਸ ਤਰ੍ਹਾਂ ਦੀ ਨਫ਼ਰਤ ਅਤੇ ਭੈਅ ਦੇ ਮਾਹੌਲ ਨੂੰ ਪੈਦਾ ਹੋਣ ਦੇ ਰਹੇ ਹਨ, ਜਿਸ ਨਾਲ ਸਾਡੇ ਭਾਈਚਾਰਿਆਂ ਦੀਆਂ ਔਰਤਾਂ ਪਹਿਲਾਂ ਨਾਲੋਂ ਵੱਧ ਡਰ ਮਹਿਸੂਸ ਕਰ ਰਹੀਆਂ ਹਨ। ਭਾਜਪਾ ਨੂੰ ਵੋਟ ਦਿਓ, ਵਰਨਾ ਤੁਹਾਡੇ ਨਾਲ ਬਲਾਤਕਾਰ ਹੋ ਜਾਵੇਗਾ। ਕੀ ਦਿੱਲੀ ਦੀਆਂ ਔਰਤਾਂ ਲਈ ਇਹੀ ਤੁਹਾਡਾ ਸੁਨੇਹਾ ਹੈ? ਕੀ ਤੁਹਾਡੀ ਪਾਰਟੀ ਇਸ ਹੱਦ ਤੱਕ ਡਿਗ ਸਕਦੀ ਹੈ?'

ਪੱਤਰ ਲਿਖਣ ਵਾਲੀਆਂ ਵੱਡੀਆਂ ਹਸਤੀਆਂ 'ਚ ਔਰਤਾਂ ਲਈ ਬਰਾਬਰ ਹੱਕਾਂ ਦੀ ਮੰਗ ਕਰਨ ਵਾਲੀ ਤੇ ਆਰਥਿਕ ਮਾਹਿਰ ਦੇਵਰੀ ਜੈਨ, ਕਾਰਕੁਨ ਲੈਲਾ ਤੱਯਬਜੀ, ਸਾਬਕਾ ਰਾਜਦੂਤ ਮਧੂ ਭਾਦੁੜੀ, ਕਾਰਕੁਨ ਕਮਲਾ ਭਸੀਨ ਸ਼ਾਮਲ ਹਨ। ਇਸ ਤੋਂ ਇਲਾਵਾ ਆਲ ਇੰਡੀਆ ਪ੍ਰਾਗਰੈਸਿਵ ਵਿਮੈਨਜ਼ ਐਸੋਸੀਏਸ਼ਨ ਅਤੇ ਨੈਸ਼ਨਲ ਫੈਡਰੇਸ਼ਨ ਆਫ਼ ਇੰਡੀਅਨ ਵਿਮੈਨ ਨੇ ਵੀ ਇਸ ਪੱਤਰ ਦਾ ਸਮਰਥਨ ਕੀਤਾ ਹੈ। ਵਰਨਣ ਯੋਗ ਹੈ ਕਿ ਭਾਜਪਾ ਦੇ ਇੱਕ ਪਾਰਲੀਮੈਂਟ ਮੈਂਬਰ ਪਰਵੇਸ਼ ਵਰਮਾ ਨੇ ਅਜਿਹੀ ਟਿੱਪਣੀ ਕੀਤੀ ਸੀ। ਇਸ ਤੋਂ ਬਿਨਾਂ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਵੀ ਵਿਵਾਦਤ ਟਿੱਪਣੀ ਕਰ ਚੁੱਕੇ ਹਨ। ਪੱਤਰ ਵਿੱਚ ਕਾਰਕੁਨਾਂ ਤੇ ਮਹਿਲਾ ਗਰੁੱਪਾਂ ਨੇ ਕਿਹਾ ਹੈ ਕਿ ਦੇਸ਼ ਕਦੇ ਅਜਿਹੀਆਂ ਟਿੱਪਣੀਆਂ ਲਈ ਜ਼ਿੰਮੇਵਾਰਾਂ ਨੂੰ ਮੁਆਫ਼ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਸ਼ਾਂਤੀਪੂਰਨ ਰੋਸ ਪ੍ਰਗਟਾਉਣਾ ਹਰ ਕਿਸੇ ਨੂੰ ਸੰਵਿਧਾਨ 'ਚ ਮਿਲਿਆ ਹੱਕ ਹੈ।

# ਗੰਨੇ ਵਾਲੇ ਵੇਲਣੇ ਦੀ ਲਪੇਟ ਵਿੱਚ ਆਣ ਕੇ ਵਿਆਹੁਤਾ ਦੀ ਮੌਤ

ਅਜਨਾਲਾ, 4 ਫਰਵਰੀ (ਪੋਸਟ ਬਿਊਰੋ)- ਕੱਲ੍ਹ ਨੇੜਲੇ ਪਿੰਡ ਭੋਏਵਾਲੀ 'ਚ ਇੱਕ ਵਿਆਹੁਤਾ ਦੀ ਆਪਣੇ ਘਰ ਦੇ ਅੰਦਰ ਗੰਨਾ ਪੀੜਨ ਵਾਲੇ ਵੇਲਣੇ ਦੀ ਲਪੇਟ ਵਿੱਚ ਆਉਣ ਨਾਲ ਮੌਤ ਹੋ ਜਾਣ ਦਾ ਪਤਾ ਲੱਗਾ ਹੈ। ਦੱਸਿਆ ਗਿਆ ਹੈ ਕਿ ਮਨਦੀਪ ਕੌਰ ਵਾਸੀ ਭੋਏਵਾਲੀ ਸਵੇਰੇ ਨੌਂ ਵਜੇ ਦੇ ਕਰੀਬ ਘਰ 'ਚ ਚੱਲ ਰਹੇ ਗੰਨਾ ਪੀੜਨ ਵਾਲੇ ਵੇਲਣੇ ਦੀ ਲਪੇਟ ਵਿੱਚ ਆ ਗਈ ਅਤੇ ਵੇਖਦੇ ਹੀ ਵੇਖਦੇ ਉਸ ਦੀ ਮੌਤ ਹੋ ਗਈ। ਉਸ ਦਾ ਕਰੀਬ ਛੇ-ਸੱਤ ਸਾਲ ਦਾ ਲੜਕਾ ਹੈ। ਮ੍ਰਿਤਕਾ ਦੇ ਭਰਾ ਦਲਜੀਤ ਸਿੰਘ ਵਾਸੀ ਮੀਆਂਪੁਰ ਜ਼ਿਲਾ ਤਰਨ ਤਾਰਨ ਨੇ ਦੱਸਿਆ ਕਿ ਉਨ੍ਹਾਂ ਨੂੰ ਆਪਣੀ ਭੈਣ ਦੇ ਸਹੁਰੇ ਪਰਵਾਰ ਦਾ ਕੱਲ੍ਹ ਸਵੇਰੇ ਫੋਨ ਆਇਆ ਕਿ ਮਨਦੀਪ ਕੌਰ ਦੀ ਕਰੰਟ ਲੱਗਣ ਨਾਲ ਮੌਤ ਹੋ ਗਈ ਹੈ। ਜਦੋਂ ਮੌਕੇ 'ਤੇ ਪਹੁੰਚ ਕੇ ਦੇਖਿਆ ਤਾਂ ਮਨਦੀਪ ਕੌਰ ਦੀ ਲਾਸ਼ ਘਰ ਵਿੱਚ ਲੱਗੇ ਗੰਨੇ ਦੇ ਵੇਲਣੇ ਨਾਲ ਬੁਰੀ ਤਰ੍ਹਾਂ ਪੀੜੀ ਹੋਈ ਸੀ, ਜਿਸ ਨੂੰ ਪੁਲਸ ਥਾਣਾ ਅਜਨਾਲਾ ਦੀ ਮਦਦ ਨਾਲ ਬਾਹਰ ਕੱਢਿਆ ਗਿਆ। ਉਨ੍ਹਾਂ ਦੱਸਿਆ ਮਨਦੀਪ ਕੌਰ ਦਾ ਕਰੀਬ 10 ਸਾਲ ਪਹਿਲਾਂ ਸੁਖਵੰਤ ਸਿੰਘ ਵਾਸੀ ਭੋਏਵਾਲੀ ਨਾਲ ਵਿਆਹ ਹੋਇਆ ਸੀ। ਅਕਸਰ ਸਹੁਰੇ ਪਰਵਾਰ ਵਾਲੇ ਉਸ ਨੂੰ ਹੋਰ ਦਾਜ ਲਿਆਉਣ ਦੀ ਮੰਗ ਕਰ ਕੇ ਤੰਗ ਕਰਦੇ ਸਨ। ਕਈ ਵਾਰ ਮੋਹਤਬਰ ਲੋਕਾਂ ਦੀ ਹਾਜ਼ਰੀ ਵਿੱਚ ਰਾਜ਼ੀਨਾਮਾ ਵੀ ਕਰਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਦੋ ਵਾਰ ਮੰਗ ਕਰਨ ਉਤੇ ਨਵੀਂ ਕਾਰ ਖਰੀਦ ਕੇ ਦਿੱਤੀ ਤੇ ਭਾਰੀ ਰਕਮ ਵੀ ਦੇ ਕੇ ਚੁੱਕੇ ਸਨ। ਇਸ ਦੇ ਬਾਵਜੂਦ ਸੁਖਵੰਤ ਸਿੰਘ ਮ੍ਰਿਤਕਾ ਮਨਦੀਪ ਕੌਰ ਨੂੰ ਤੰਗ ਕਰਦਾ ਰਹਿੰਦਾ ਸੀ। ਦਲਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਉਸ ਦੀ ਭੈਣ ਨੂੰ ਸਹੁਰੇ ਪਰਵਾਰ ਨੇ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਕਤਲ ਕੀਤਾ ਹੈ।

# ਪੇਸ਼ੀ ਉੱਤੇ ਲਿਜਾਣ ਸਮੇਂ ਭੱਜੇ ਕੈਦੀ ਨੇ ਪਤਨੀ ਦੀ ਗੋਲੀਆਂ ਮਾਰ ਕੇ ਕੀਤੀ ਹੱਤਿਆ

ਬਟਾਲਾ, 4 ਫਰਵਰੀ (ਪੋਸਟ ਬਿਊਰੋ)- ਬੀਤੀ 28 ਜਨਵਰੀ ਨੂੰ ਹੁਸ਼ਿਆਰਪੁਰ ਜੇਲ੍ਹ ਵਿੱਚ ਬੰਦ ਕੈਦੀ ਜੁਗਰਾਜ ਸਿੰਘ ਉਰਫ ਹੈਪੀ ਨੂੰ ਪੇਸ਼ੀ ਲਈ ਤਰਨ ਤਾਰਨ ਲਿਜਾਇਆ ਜਾ ਰਿਹਾ ਸੀ ਤਾਂ ਰਸਤੇ ਵਿੱਚ ਪੁਲਸ ਤੋਂ ਭੱਜ ਗਿਆ ਸੀ। ਉਸ ਨੇ ਆਪਣੀ ਪਤਨੀ ਸੰਦੀਪ ਕੌਰ ਨੂੰ ਥਾਣਾ ਸ੍ਰੀ ਹਰਗੋਬਿੰਦਪੁਰ ਹੇਠ ਪਿੰਡ ਚੀਮਾ ਖੁੱਡੀ ਵਿੱਚ ਮਾਰ ਦਿੱਤਾ ਹੈ।

ਇਸ ਸੰਬੰਧ ਵਿੱਚ ਸੰਦੀਪ ਕੌਰ ਦੇ ਪਰਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਦੀ ਬੇਟੀ ਸੰਦੀਪ ਕੌਰ ਨੇ ਕਰੀਬ ਅੱਠ-ਨੌਂ ਸਾਲ ਪਹਿਲਾਂ ਜੁਗਰਾਜ ਸਿੰਘ ਉਰਫ ਹੈਪੀ ਪੁੱਤਰ ਰਣਜੀਤ ਸਿੰਘ ਵਾਸੀ ਜੰਡਿਆਲਾ ਗੁਰੂ ਦੇ ਨਾਲ ਲਵ ਮੈਰਿਜ ਕਰਵਾਈ ਸੀ ਤੇ ਉਨ੍ਹਾਂ ਦੇ ਤਿੰਨ ਬੱਚੇ ਸਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਜਵਾਈ ਪਿਛਲੇ ਦੋ ਸਾਲਾਂ ਤੋਂ ਹੁਸ਼ਿਆਰਪੁਰ ਜੇਲ੍ਹ ਵਿੱਚ ਸੀ, ਕਿਉਂਕਿ ਉਸ ਨੇ ਕਿਸੇ ਨੂੰ ਜੰਡਿਆਲਾ ਗੁਰੂ ਵਿੱਚ ਗੋਲੀਆਂ ਮਾਰੀਆਂ ਸਨ। ਜੁਗਰਾਜ ਸਿੰਘ ਕੱਲ੍ਹ ਰਾਤ ਲੁੱਕਦੇ ਲੁਕਾਉਂਦੇ ਸਾਡੇ ਘਰ ਆਇਆ ਅਤੇ ਸਾਡੀ ਬੇਟੀ ਨੂੰ ਨਾਲ ਲੈ ਕੇ ਚਲਾ ਗਿਆ ਤੇ ਪਿੰਡ ਚੀਮਾ ਖੁੱਡੀ ਵਿੱਚ ਉਸ ਨੇ ਸੰਦੀਪ ਕੌਰ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਅਤੇ ਫਰਾਰ ਹੋ ਗਿਆ। ਥਾਣਾ ਸ੍ਰੀ ਹਰਗੋਬਿੰਦਪੁਰ ਦੇ ਜਾਂਚ ਅਧਿਕਾਰੀ ਏ ਐੱਸ ਆਈ ਸਾਹਿਬ ਸਿੰਘ ਨੇ ਦੱਸਿਆ ਕਿ ਸੂਚਨਾ ਮਿਲਣ 'ਤੇ ਉਹ ਪਿੰਡ ਚੀਮਾ ਖੁੱਡੀ ਪਹੁੰਚੇ, ਜਿੱਥੇ ਸੰਦੀਪ ਕੌਰ ਦੀ ਲਾਸ਼ ਪਈ ਸੀ। ਪੜਤਾਲ ਕਰਨ 'ਤੇ ਪਤਾ ਲੱਗਾ ਕਿ ਉਸ ਦੇ ਪਤੀ ਨੇ ਉਸ ਨੂੰ ਗੋਲੀਆਂ ਮਾਰੀਆਂ ਹਨ। ਪੁਲਸ ਅਧਿਕਾਰੀ ਨੇ ਦੱਸਿਆ ਕਿ ਸੰਦੀਪ ਕੌਰ ਬੀਤੀ 31 ਜਨਵਰੀ ਨੂੰ ਆਪਣੀ ਸੱਸ ਅਤੇ ਬੱਚਿਆਂ ਨਾਲ ਪੇਕੇ ਰਹਿਣ ਗਈ ਸੀ ਤੇ ਕੱਲ੍ਹ ਸ਼ਾਮ ਉਸ ਨੂੰ ਉਸ ਦੇ ਪਤੀ ਜੁਗਰਾਜ ਦਾ ਫੋਨ ਆਇਆ ਕਿ ਉਹ ਮਾਂ ਅਤੇ ਬੱਚਿਆਂ ਨੂੰ ਲੈਣ ਆ ਰਿਹਾ ਹੈ ਅਤੇ ਐਤਵਾਰ ਰਾਤ ਕਰੀਬ 11 ਵਜੇ ਜੁਗਰਾਜ ਸਹੁਰੇ ਪਿੰਡ ਮੇਤਲੇ ਪਹੁੰ-ਚਿਆ, ਜਿਸ ਤੋਂ ਬਾਅਦ ਘਰ ਜਾਂਦੇ ਸਮੇਂ ਪਿੰਡ ਚੀਮਾ ਖੁੱਡੀ ਵਿਖੇ ਉਸ ਨੇ ਪਤੀ ਦੇ ਸਿਰ ਵਿੱਚ ਚਾਰ ਗੋਲੀਆਂ ਮਾਰ ਦਿੱਤੀਆਂ। ਸੰਦੀਪ ਕੌਰ ਦੇ ਪਿਤਾ ਹਰਦੇਵ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਮੇਤਲੇ ਦੇ ਬਿਆਨਾਂ ਦੇ ਆਧਾਰ 'ਤੇ ਕੇਸ ਦਰਜ ਕਰ ਕੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਗਈ ਹੈ। ਪਤਾ ਲੱਗਾ ਹੈ ਕਿ ਫਰਾਰ ਹੋਏ ਕੈਦੀ ਜੁਗਰਾਜ ਸਿੰਘ ਉਰਫ ਹੈਪੀ ਵਿਰੁੱਧ ਵੀ ਥਾਣਾ ਜੰਡਿਆਲਾ ਗੁਰੂ ਵਿਖੇ ਪੇਸ਼ੀ ਦੌਰਾਨ ਫਰਾਰ ਹੋਣ ਦਾ ਇੱਕ ਹੋਰ ਕੇਸ ਬਣਦੀਆਂ ਧਾਰਾਵਾਂ ਦਾ ਦਰਜ ਕੀਤਾ ਗਿਆ ਹੈ।

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work - All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

# ਦਿੱਲੀ ਦੇ ਸਿੱਖ ਆਗੂ ਕਾਗਜ਼ਾਂ ਵਿੱਚ ਭਾਜਪਾ ਦੇ ਨਾਲ, ਪਰ ਜ਼ਮੀਨੀ ਪੱਧਰ ਉਤੇ ਖਿੱਲਰੇ

ਜਲੰਧਰ, 4 ਫਰਵਰੀ (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਚੋਣਾਂ ਬਾਰੇ ਆਮ ਪ੍ਰਭਾਵ ਹੈ ਕਿ ਇਨ੍ਹਾਂ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਸਿੱਖ ਵੋਟ ਬੈਂਕ ਪੂਰੀ ਤਰ੍ਹਾਂ ਖਿਲਰਿਆ ਪਿਆ ਹੈ ਅਤੇ ਸਿੱਖ ਨੇਤਾਵਾਂ ਦੀਆਂ ਕਮੀਆਂ ਦੇ ਕਾਰਨ ਇਸ ਵੋਟ ਬੈਂਕ ਨੂੰ ਇੱਕ ਝੰਡੇ ਹੇਠਾਂ ਇਕੱਠਾ ਕਰਨ ਦਾ ਸੁਫਨਾ ਸੱਚ ਨਹੀਂ ਹੋ ਸਕਦਾ।

ਇਸ ਸੰਬੰਧ ਵਿੱਚ ਦਿੱਲੀ ਦੇ ਸਿੱਖ ਵਿਦਵਾਨਾਂ ਦੀ ਰਾਏ ਹੈ ਕਿ ਦਿੱਲੀ 'ਚ ਭਾਵੇਂ ਭਾਜਪਾ ਨੇ ਖਰੀਦੋ-ਫਰੋਖਤ ਜਾਂ ਸੈਟਿੰਗਾਂ ਰਾਹੀਂ ਪਿਛਲੇ ਦਿਨੀਂ ਸਾਰੇ ਸਿੱਖ ਧੜਿਆਂ ਨੂੰ ਆਪਣੇ ਨਾਲ ਖੜ੍ਹਾ ਕਰ ਕੇ ਸਾਬਤ ਕੀਤਾ ਕਿ ਸਿੱਖ ਉਸ ਦੇ ਨਾਲ ਹਨ, ਪਰ ਬਾਦਲ ਅਕਾਲੀ ਦਲ, ਮਨਜੀਤ ਸਿੰਘ ਜੀ ਕੇ, ਪਰਮਜੀਤ ਸਿੰਘ ਸਰਨਾ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਦੇ ਨੇਤਾਵਾਂ ਨੇ ਹੀ ਭਾਜਪਾ ਦੇ ਸਮਰਥਨ ਦਾ ਐਲਾਨ ਕੀਤਾ ਹੈ, ਆਮ ਸਿੱਖ ਇਸ ਬੁਰੀ ਤਰ੍ਹਾਂ ਪ੍ਰੇਸ਼ਾਨ ਦਿਖਾਈ ਦੇਂਦੇ ਹਨ। ਇਸੇ ਦਾ ਨਤੀਜਾ ਹੈ ਕਿ ਕਈ ਸਿੱਖ ਨੇਤਾਵਾਂ ਨੇ ਆਪਣੀਆਂ ਪਾਰਟੀਆਂ ਦੇ ਉਲਟ ਆਪਣੇ ਮਨਚਾਹੇ ਉਮੀਦਵਾਰਾਂ ਨੂੰ ਸਮਰਥਨ ਦੇਣ ਦਾ ਐਲਾਨ ਕਰਨਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਸਿੱਖ ਵਿਦਵਾਨਾਂ ਨੇ ਦੱਸਿਆ ਕਿ ਅਵਤਾਰ ਸਿੰਘ ਹਿੱਤ ਨੇ ਸਿੱਧੇ ਤੌਰ 'ਤੇ ਕਾਂਗਰਸੀ ਉਮੀਦਵਾਰ ਦਾ ਸਾਥ ਦੇਣ ਦਾ ਐਲਾਨ ਕੀਤਾ ਅਤੇ ਮਨਜੀਤ ਸਿੰਘ ਜੀ ਕੇ ਵਾਲੇ ਧੜੇ ਦੇ ਕੁਝ ਨੇਤਾ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਵੱਲ ਅਤੇ ਕੁਝ ਕਾਂਗਰਸੀ ਉਮੀਦਵਾਰਾਂ ਨਾਲ ਜਾ ਜੁੜੇ ਹਨ। ਬਾਦਲ ਅਕਾਲੀ ਦਲ ਦੇ ਕੁਝ ਨੇਤਾ ਸਿੱਧੇ ਤੌਰ 'ਤੇ ਆਮ ਆਦਮੀ ਪਾਰਟੀ ਨੂੰ ਜਿਤਾਉਣ ਵਿੱਚ ਲੱਗ ਗਏ ਹਨ, ਕੁਝ ਹੋਰ ਭਾਜਪਾ ਨਾਲ ਚੱਲ ਰਹੇ ਹਨ। ਪਰਮਜੀਤ ਸਿੰਘ ਸਰਨਾ ਵੀ ਭਾਜਪਾ ਤੋਂ ਹੱਥ ਪਿੱਛੇ ਖਿੱਚਦੇ ਦਿਖਾਈ ਦੇ ਰਹੇ ਹਨ।

ਉਂਜ ਦਿੱਲੀ ਵਿੱਚ ਭਾਜਪਾ ਅਤੇ ਆਰ ਐੱਸ ਐੱਸ ਨੇ ਸਾਰੀ ਤਾਕਤ ਝੋਕ ਰੱਖੀ ਹੈ, ਪਰ ਹਵਾ ਅਜੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਚੱਲ ਰਹੀ ਹੈ। ਦਿੱਲੀ ਦੇ ਸਿੱਖ ਵਿਦਵਾਨਾਂ ਦਾ ਕਹਿਣਾ ਹੈ ਕਿ ਜਿੰਨੀ ਤਾਕਤ ਭਾਜਪਾ ਨੇ ਦਿੱਲੀ ਵਿੱਚ ਲਾਈ ਹੈ, ਉਸ ਨਾਲ ਉਹ ਆਮ ਆਦਮੀ ਪਾਰਟੀ ਦੀਆਂ 10-12 ਸੀਟਾਂ ਵਿੱਚ ਸੰਨ੍ਹ ਲਾ ਸਕਦੀ ਹੈ, ਪਰ ਉਹ ਸਰਕਾਰ ਬਣਾਉਣ ਜੋਗੀ ਨਹੀਂ ਜਾਪਦੀ, ਕਿਉਂਕਿ ਸਿੱਖ ਅਤੇ ਮੁਸਲਿਮ ਵੋਟ ਬੈਂਕ ਉਸ ਦੇ ਪੱਖ ਵਿੱਚ ਨਹੀਂ ਆ ਸਕੇ।

# ਪਤੰਗ ਉਡਾਉਂਦੇ ਛੱਤ ਤੋਂ ਡਿੱਗੇ 10 ਸਾਲਾ ਬੱਚੇ ਦੀ ਮੌਤ



ਰੋਪੜ, 4 ਫਰਵਰੀ (ਪੋਸਟ ਬਿਊਰੋ)- ਪਿੰਡ ਘਨੌਲੀ (ਬੇਗਮਪੁਰ) ਵਿੱਚ ਪਤੰਗ ਉਡਾਉਂਦੇ ਸਮੇਂ 10 ਸਾਲ ਦੇ ਬੱਚੇ ਦੀ ਛੱਤ ਤੋਂ ਡਿੱਗਣ ਨਾਲ ਮੌਤ ਹੋ ਗਈ। ਮ੍ਰਿਤਕ ਅਭਿਸ਼ੇਕ ਮਾਤਾ-ਪਿਤਾ ਦਾ ਇਕਲੌਤਾ ਪੁੱਤਰ ਸੀ। ਮ੍ਰਿਤਕ ਦੇ ਪਿਤਾ ਜਸਵਿੰਦਰ ਸਿੰਘ ਨੇ ਦੱਸਿਆ ਕਿ ਬੇਟਾ ਆਪਣੇ ਦੋਸਤਾਂ ਨਾਲ ਮਕਾਨ ਦੀ ਛੱਤ 'ਤੇ ਪਤੰਗ ਉਡਾ ਰਿਹਾ ਸੀ। ਇਸ ਦੌਰਾਨ ਛੱਤ ਤੋਂ ਗਲੀ ਵਿੱਚ ਡਿੱਗ ਗਿਆ। ਲੋਕਾਂ ਨੇ ਇਸ ਦੀ ਸੂਚਨਾ ਮੈਨੂੰ ਦਿੱਤੀ। ਇਸ ਦੇ ਬਾਅਦ ਉਸ ਨੂੰ ਸਿਵਲ ਹਸਪਤਾਲ ਲੈ ਗਏ ਜਿੱਥੇ ਡਾਕਟਰਾਂ ਨੇ ਮ੍ਰਿਤਕ ਐਲਾਨ ਕਰ ਦਿੱਤਾ।




## ਲੜਕੀ ਦੀ ਲੋੜ

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3", ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3", ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1", ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

UPPAL LAW
AVTAR UPPAL
Manager
IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters


AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਕਾਫ਼ਲੇ ਦੀ ਮੀਟਿੰਗ ਵਿੱਚ 'ਕਵਿਤਾ ਵਿਚਲੀ ਸਿਰਜਣਾਤਮਕਤਾ ਦੀ ਪਛਾਣ' 'ਤੇ ਚਰਚਾ

## 'ਨਿਰੋਲ ਵਿਚਾਰ ਕਵਿਤਾ ਨਹੀਂ ਹੁੰਦਾ': ਡਾ ਨਾਹਰ ਸਿੰਘ



ਬਰੈਂਪਟਨ: -(ਪਰਮਜੀਤ ਦਿਓਲ) 'ਪੰਜਾਬੀ ਕਲਮਾਂ ਦਾ ਕਾਫ਼ਲਾ ਟਰਾਂਟੋ' ਦੀ ਜਨਵਰੀ ਮਹੀਨੇ ਦੀ ਮੀਟਿੰਗ ਵਿੱਚ ਜਿੱਥੇ ਡਾ ਨਾਹਰ ਸਿੰਘ ਵੱਲੋਂ 'ਕਵਿਤਾ ਵਿਚਲੀ ਸਿਰਣਾਤਮਕਤਾ ਦੀ ਪਛਾਣ' ਵਿਸ਼ੇ 'ਤੇ ਗੱਲਬਾਤ ਕੀਤੀ ਗਈ ਓਥੇ ਵਿਦਵਾਨ ਲੇਖਕ ਪੂਰਨ ਸਿੰਘ ਪਾਂਧੀ ਜੀ ਦੀ ਰੇਖਾ-ਚਿੱਤਰਾਂ ਦੀ ਕਿਤਾਬ "ਜਿਨ੍ਹ ਮਿਲਿਆਂ ਰੂਹ ਰੌਸ਼ਨ ਹੋਵੇ" ਵੀ ਰਲੀਜ਼ ਕੀਤੀ ਗਈ। ਡਾ. ਨਾਹਰ ਸਿੰਘ (ਪੰਜਾਬੀ ਯੂਨੀਵਰਸਿਟੀ) ਨੇ 'ਕਵਿਤਾ ਵਿਚਲੀ ਸਿਰਜਣਾਤਮਕਤਾ ਦੀ ਪਛਾਣ' ਬਾਰੇ ਗੱਲ ਕਰਦਿਆਂ ਕਿਹਾ ਕਿ ਸਾਹਿਤ ਦੀਆਂ ਵੱਖ ਵੱਖ ਵੰਨਗੀਆਂ ਨੇ ਤੇ ਅੰਦਰੋਂ ਫੁੱਟੇ ਆਪ-ਮੁਹਾਰੇ ਅਨੁਭਵ ਦੀ ਵਿਧਾ ਆਪਣੀ ਸ਼ਕਲ ਆਪ ਚੁਣਦੀ ਹੈ, ਕਿ ਉਸਨੇ ਕਹਾਣੀ ਬਣਨਾ ਹੈ, ਨਾਵਲ ਬਣਨਾ ਹੈ, ਜਾਂ ਕਵਿਤਾ ਜਾਂ ਗੀਤ ਬਣਨਾ ਹੈ? ਉਨ੍ਹਾਂ ਕਿਹਾ ਕਿ

ਕਵਿਤਾ ਮਨੁੱਖੀ ਮਨ ਦੀ ਪੂਰਨ ਆਜ਼ਾਦੀ ਹੈ ਅਤੇ ਇਸ 'ਤੇ ਕੋਈ ਵੀ ਨਿਯਮ ਲਾਗੂ ਨਹੀਂ ਹੋ ਸਕਦਾ ਪਰ ਇੱਕ ਵਧੀਆ ਕਵਿਤਾ ਦੇ ਪਛਾਣ-ਚਿੰਨ੍ਹ ਜ਼ਰੂਰ ਹੁੰਦੇ ਨੇ - ਨਿਰੋਲ ਵਿਚਾਰ ਕਵਿਤਾ ਨਹੀਂ ਬਣਦਾ ਸਗੋਂ ਕਵਿਤਾ ਜਿੰਨੀ ਵੱਧ ਮਨੁੱਖੀ ਅਨੁਭਵ ਨਾਲ਼ ਜੁੜੀ ਹੋਵੇਗੀ ਓਨੀ ਹੀ ਬਲਵਾਨ ਹੋਵੇਗੀ। ਵਧੀਆ ਕਵਿਤਾ ਪਾਠਕ ਦੀ ਚੇਤਨਾ ਨੂੰ ਵਿਸਥਾਰਦੀ ਹੈ, ਭਾਸ਼ਾ ਦੀ ਸਿਰਜਨ-ਾਣਤਮਕਤਾ ਵਿੱਚ ਵਾਧਾ ਕਰਦੀ ਹੈ ਅਤੇ ਸੱਭਿਆਚਾਰਕ ਚੇਤਨਾ ਨੂੰ ਗਹਿਰਾਈ ਬਖ਼ਸ਼ਦੀ ਹੈ। ਅਨੁਭਵ ਜਿੰਨਾ ਮੌਲਿਕ ਹੋਵੇਗਾ ਓਨਾ ਹੀ ਉਹ ਭਾਸ਼ਾ ਦਾ ਵਿਸਥਾਰ ਕਰੇਗੀ। ਉਨ੍ਹਾਂ ਕਿਹਾ ਕਿ ਜਿਹੜੀ ਕਵਿਤਾ ਆਪਣੇ ਸ਼ਬਦਾਂ ਵਿੱਚ ਡਿਕਸ਼ਨਰੀ ਵਾਲ਼ੇ ਅਰਥਾਂ ਤੱਕ ਹੀ ਸੀਮਤ ਰਹਿੰਦੀ ਹੈ ਉਹ ਪ੍ਰਭਾਵਸ਼ਾਲੀ ਨਹੀਂ ਬਣਦੀ ਸਗੋਂ ਕਵਿਤਾ ਜਿੰਨੀ ਹੀ ਡਿਕਸ਼ਨਰੀ ਵਾਲ਼ੇ ਅਰਥਾਂ ਤੋਂ ਵੱਖਰੇ ਅਰਥ ਸਿਰਜੇਗੀ ਓਨੀ ਹੀ ਮਹਾਨ ਹੋਵੇਗੀ। ਮਿਸਾਲ ਦਿੰਦਿਆਂ ਉਨ੍ਹਾਂ ਕਿਹਾ: "ਕੈਂਠੇ ਵਾਲ਼ਾ ਤਿਲਕ ਗਿਆ, ਪਾਣੀ ਡੋਲ੍ਹ ਗਈ ਝਾਂਜਰਾਂ ਵਾਲ਼ੀ" ਵਿਸਥਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਵਿੱਚ 'ਤਿਲਕਣ' ਅਤੇ 'ਪਾਣੀ ਡੋਲ੍ਹਣ' ਦੇ ਨਾਲ਼ ਨਾਲ਼ "ਕੈਂਠੇ ਵਾਲ਼ਾ" ਅਤੇ "ਝਾਂਜਰਾਂ ਵਾਲ਼ੀ" ਦੇ ਅਰਥ ਵੀ ਨਿਵੇਕਲ਼ੇ ਹਨ। ਇਸਦੇ ਨਾਲ਼ ਹੀ ਉਨ੍ਹਾਂ ਕਿਹਾ ਕਿ ਸਾਹਿਤ ਯੂਨੀਵਰਸਲ ਨਹੀਂ ਹੁੰਦਾ ਕਿਉਂਕਿ ਉਸਦੀਆਂ ਤੰਦਾਂ ਸੱਭਿਆਚਾਰ ਨਾਲ਼ ਜੁੜੀਆਂ ਹੁੰਦੀਆਂ ਹਨ। ਉਪਰੋਕਤ ਤੁਕ ਦੇ ਨਾਲ਼ ਨਾਲ਼ ਉਨ੍ਹਾਂ ਪਾਸ਼ ਦੀ ਕਵਿਤਾ "ਸਭ ਤੋਂ ਖ਼ਤਰਨਾਕ" ਦੀ ਮਿਸਾਲ ਦਿੰਦਿਆਂ ਕਿਹਾ ਕਿ ਇਨ੍ਹਾਂ ਨੂੰ ਮੁਕੰਮਲ ਰੂਪ 'ਚ ਕਿਸੇ ਹੋਰ ਭਾਸ਼ਾ 'ਚ ਟਰਾਂਸਲੇਟ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸ ਵਿੱਚ ਬਹੁਤ ਕੁਝ ਸੱਭਿਆਚਾਰ ਦੀ ਸਮਝ ਹੋਣ ਨਾਲ਼ ਹੀ ਸਮਝ ਆ ਸਕਦਾ ਹੈ। ਉਨ੍ਹਾਂ ਕਿਹਾ ਕਿ ਬਹੁਤੇ ਗੀਤ ਇਸੇ ਕਰਕੇ ਹੀ ਸਾਹਿਤ ਨਹੀਂ ਬਣਦੇ ਕਿਉਂਕਿ ਉਹ ਮੰਡੀ ਦੀ ਮੰਗ ਨੂੰ ਮੁੱਖ ਰੱਖ ਕੇ ਲਿਖੇ ਗਏ ਹੁੰਦੇ ਨੇ ਅਤੇ ਜੋ ਸਾਹਿਤ ਠੇਕੇ 'ਤੇ ਲਿਖਿਆ ਜਾਂਦਾ ਹੈ ਜਾਂ ਜੋ ਮੰਡੀ ਦੀ ਮੰਗ ਨੂੰ ਮੁੱਖ ਰੱਖ ਕੇ ਲਿਖਿਆ ਜਾਂਦਾ ਹੈ ਉਹ ਅਨੁਭਵ ਤੋਂ ਦੂਰ ਹੁੰਦਾ ਹੈ ਅਤੇ ਸਾਹਿਤ ਨਹੀਂ ਬਣਦਾ।

ਡਾ. ਅਜੀਤ ਸਿੰਘ ਖਾਮੋਸ਼, ਡਾ. ਸੁਰਜੀਤ ਸਿੰਘ ਢਿੱਲੋਂ, ਸੁਰਜੀਤ ਹਾਂਸ, ਅਤੇ ਹਰਬੰਸ ਮਾਛੀਵਾੜਾ ਦੀ ਮੌਤ 'ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ। ਕਹਾਣੀਕਾਰ ਅਜੈਬ ਸਿੰਘ ਟੱਲੇਵਾਲ਼ੀਆ ਨੇ ਡਾ ਸੁਰਜੀਤ ਸਿੰਘ ਢਿੱਲੋਂ ਅਤੇ ਅਜੀਤ ਸਿੰਘ ਖਾਮੋਸ਼ ਬਾਰੇ ਭਾਵ-ਭਿੰਨੇ ਸ਼ਬਦਾਂ 'ਚ ਜਾਣਕਾਰੀ ਦਿੱਤੀ। ਡਾ ਨਾਹਰ ਸਿੰਘ ਨੇ ਦੱਸਿਆ ਕਿ ਜਿੱਥੇ ਡਾ ਸੁਰਜੀਤ ਸਿੰਘ ਢਿੱਲੋਂ ਨੇ ਆਖਰੀ ਦਮ ਤੱਕ ਯੂਨੀਵਰਸਿਟੀ ਵਿੱਚ ਕੰਮ ਕਰਨ ਦਾ ਵਾਅਦਾ ਨਿਭਾਇਆ ਅਤੇ ਅੰਗ੍ਰੇਜ਼ੀ ਸਾਹਿਤ 'ਤੇ ਬਹੁਤ ਕੰਮ ਕੀਤਾ ਓਥੇ ਡਾ ਸੁਰਜੀਤ ਹਾਂਸ ਨੇ ਸ਼ੇਕਸਪੀਅਰ ਦੇ ਸਾਰੇ ਨਾਟਕਾਂ ਨੂੰ ਪੰਜਾਬੀ ਵਿੱਚ ਅਨੁਵਾਦ ਕੀਤਾ ਜੋ ਸ਼ਾਇਦ ਭਾਰਤੀ ਭਾਸ਼ਾਵਾਂ ਵਿੱਚ ਸਿਰਫ ਪੰਜਾਬੀ ਵਿੱਚ ਹੀ ਹੋਇਆ ਹੈ। ਆਪਣੀ ਗਿਆਰਵੀਂ ਕਿਤਾਬ, "ਜਿਨ੍ਹ ਮਿਲਿਆਂ ਰੂਹ ਰੌਸ਼ਨ ਹੋਵੇ" ਰਲੀਜ਼ ਕਰਦਿਆਂ ਪੂਰਨ ਸਿੰਘ ਪਾਂਧੀ ਨੇ ਜਿੱਥੇ ਇਸ ਕਿਤਾਬ ਦਾ ਰੂਪ ਤਿਆਰ ਹੋਣ ਦੇ ਸਬੱਬ ਬਾਰੇ ਗੱਲਬਾਤ ਕੀਤੀ ਓਥੇ ਇਸ ਵਿਚਲੇ ਰੇਖਾ-ਚਿੱਤਰਾਂ ਦੇ ਚੁਣੇ ਜਾਣ ਦਾ ਕਾਰਨ ਵੀ ਸਾਂਝਾ ਕੀਤਾ। ਕਿਤਾਬ ਵਿੱਚ ਦਰਜ਼ ਸੰਤ ਸੁਜਾਨ ਸਿੰਘ ਦਿੱਲੀ ਵਾਲ਼ਿਆਂ ਦੀ ਸੁਰੀਲੀ ਆਵਾਜ਼ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਅੰਤ-ਅਨੁਪ੍ਰਾਸ ਵਿੱਚ ਆਉਂਦੇ ਖੁਰਦਰੇ ਸ਼ਬਦਾਂ ਨੂੰ ਵੀ ਏਨੀ ਖ਼ੂਬਸੂਰਤੀ ਨਾਲ਼ ਸੁਰ-ਬੱਧ ਕਰਦੇ ਸਨ ਕਿ ਉਨ੍ਹਾਂ ਦੀ ਨਕਲ ਵੀ ਨਹੀਂ ਕੀਤੀ ਜਾ ਸਕਦੀ। ਇਸੇ ਤਰ੍ਹਾਂ ਉਨ੍ਹਾਂ ਨੇ ਸੰਤ ਸਿੰਘ ਮਸਕੀਨ ਨੂੰ ਪ੍ਰਭਾਵਸ਼ਾਲੀ ਵਿਆਖਿਆਰ ਵਜੋਂ ਬਿਆਨਿਆ ਹੈ।



ਸ਼ਾਇਰੀ ਦਾ ਦੌਰ ਇਕਬਾਲ ਬਰਾੜ ਵੱਲੋਂ ਗਾਏ ਗਏ ਗੀਤ "ਮੈਂ ਟੁੱਟਾ ਦਿਲ ਹਾਂ, ਵੇਖੀਂ ਪੀੜੇ ਐਵੇਂ ਛੇੜੀਂ ਨਾ..." ਨਾਲ਼ ਸ਼ੁਰੂ ਹੋਇਆ। ਉਪਰੰਤ ਸ਼ਿਵਰਾਜ ਸਨੀ ਅਤੇ ਪਰਮਜੀਤ ਢਿੱਲੋਂ ਨੇ ਵੀ ਬਾਕਮਾਲ ਤਰੰਨਮ

ਵਿੱਚ ਗੀਤ ਪੇਸ਼ ਕੀਤੇ ਅਤੇ ਭੁਪਿੰਦਰ ਦੁਲੈ, ਬਲਰਾਜ ਧਾਲੀਵਾਲ਼, ਜਤਿੰਦਰ ਰੰਧਾਵਾ, ਸੁਰਿੰਦਰਜੀਤ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

ਮੀਟਿੰਗ ਵਿੱਚ ਜਰਨੈਲ ਸਿੰਘ ਕਹਾਣੀਕਾਰ, ਰਛਪਾਲ ਕੌਰ ਗਿੱਲ, ਹਰਦਿਆਲ ਸਿੰਘ ਝੀਤਾ, ਸੁਰਜੀਤ ਕੌਰ, ਬਲਜੀਤ ਧਾਲੀਵਾਲ਼,

ਸੁੱਚਾ ਸਿੰਘ ਮਾਂਗਟ, ਸੁਜਾਨ ਸਿੰਘ ਸੁਜਾਨ, ਲਭਪ੍ਰੀਤ ਸਿੰਘ, ਸੁਰਿੰਦਰ ਸਿੰਘ, ਪ੍ਰਤੀਕ, ਬਲਰਾਜ ਦਿਓਲ, ਸਤਨਾਮ ਸੰਧੂ, ਜਰਨੈਲ ਸਿੰਘ ਅੱਚਰਵਾਲ, ਇਕਬਾਲ ਸੁੰਬਲ, ਜਗੀਰ ਸਿੰਘ ਕਾਹਲੋਂ, ਗੁਰਦੇਵ ਮਾਨ, ਇੰਦਰਜੀਤ ਜੰਡੂ, ਜਸਵਿੰਦਰ ਸੰਧੂ, ਜਸਵਿੰਦਰ ਸਿੰਘ, ਗਿਆਨ ਸਿੰਘ ਦਰਦੀ, ਤਰਲੋਚਨ ਸਿੰਘ ਗਿੱਲ, ਕੁਲਦੀਪ ਕੌਰ ਗਿੱਲ, ਆਦਿ ਹਾਜ਼ਰ ਸਨ। ਸਟੇਜ ਦੀ ਜ਼ਿੰਮੇਂਵਾਰੀ ਕੁਲਵਿੰਦਰ ਖਹਿਰਾ ਵੱਲੋਂ ਨਿਭਾਈ ਗਈ ਜਦਕਿ ਸੁਰਿੰਦਰ ਖਹਿਰਾ, ਰਿੰਟੂ ਭਾਟੀਆ ਅਤੇ ਗੁਰਜਿੰਦਰ ਸੰਘੇੜਾ ਨੇ ਮੀਟਿੰਗ ਦੀ ਕਾਰਵਾਈ ਨੂੰ ਚਲਾਉਣ ਵਿੱਚ ਅਹਿਮ ਭੂਮਿਕਾ ਨਿਭਾਈ।


**CELLNTELL DISTRIBUTION INC**
**1-401 Traders Blvd E, Mississauga. ON**

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $57 per hour with 35hrs week, Experience:5 yrs, Bachelor's Degree (Required) with English Proficiency.**

Email Resume : umar.w@cellntell.com

**ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ**
**ਸੈਰ ਸਪਾਟੇ ਨਾਲ ਹੁਣ ਕਰੋ ਕਮਾਈ**

Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
**CLASSIFIEDS**
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
- 1 yr Home Warranty
- We Help to get mortgage
Free valuation & Lowest Commission
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity B. 905.913.8500
HIRA RANDHWA Broker 416.319.0551
BHUPENDRA DHILLON Sales Representative 647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Homely Environment
- Biweekly payment
- ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL · TRANSPORT · STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
$1,000
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE TEMS
CANADIAN RED CROSS Training Partner

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

FOR LEASE
Lease: $2,599
Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।

FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।

SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਫਿਲਮੀ ਦੁਨੀਆ

## ਛੋਟੇ ਕਦਮਾਂ ਨਾਲ ਤੈਅ ਹੁੰਦੇ ਹਨ ਵੱਡੇ ਰਸਤੇ : ਮਾਨਵੀ ਗਾਗਰੂ



'ਨੋ ਵਨ ਕਿਲਡ ਜੈਸਿਕਾ', 'ਪੀਕੇ' ਵਰਗੀਆਂ ਫਿਲਮਾਂ ਵਿੱਚ ਕੰਮ ਕਰ ਚੁੱਕੀ ਮਾਨਵੀ ਗਾਗਰੂ ਨੂੰ ਫਿਲਮ 'ਉਜੜਾ ਚਮਨ' ਨਾਲ ਪਛਾਣ ਮਿਲੀ। ਅੱਗੋਂ ਉਹ 'ਸ਼ੁਭ ਮੰਗਲ ਜ਼ਿਆਦਾ ਸਾਵਧਾਨ' ਵਿੱਚ ਇੱਕ ਮਜ਼ੇਦਾਰ ਕਿਰਦਾਰ ਵਿੱਚ ਦਿਖਾਈ ਦੇਵੇਗੀ। ਪੇਸ਼ ਹਨ ਇਸੇ ਸਿਲਸਿਲੇ ਵਿੱਚ ਉਸ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼:

* ਅਭਿਨੇਤਰੀਆਂ ਦੇ ਲੁੱਕ ਨੂੰ ਲੈ ਕੇ ਜੋ ਅਕਸ ਬਣਿਆ ਹੋਇਆ ਹੈ, ਉਸ ਵਿੱਚ ਫਿੱਟ ਹੋਣਾ ਕਿੰਨਾ ਮੁਸ਼ਕਲ ਰਿਹਾ?

– ਜੋ ਪਤਲੀਆਂ, ਲੰਬੀਆਂ ਹੀਰੋਇਨਾਂ ਦਾ ਅਕਸ ਸੀ, ਉਸ ਵਿੱਚ ਮੈਂ ਫਿੱਟ ਹੋਣ ਦੀ ਕੋਸ਼ਿਸ਼ ਕੀਤੀ ਸੀ, ਅੱਜ ਵੀ ਸੰਘਰਸ਼ ਕਰ ਰਹੀ ਹਾਂ। ਵੈੱਬ ਸ਼ੋਅ 'ਪਿਚਰਜ' ਮਿਲਣ ਤੋਂ ਪਹਿਲਾਂ ਮੈਂ ਆਡੀਸ਼ਨ ਦੇਣਾ ਬੰਦ ਕਰ ਦਿੱਤਾ ਸੀ, ਕਿਉਂਕਿ ਇੱਕੋ ਜਿਹੇ ਕਿਰਦਾਰ ਆਫਰ ਹੋ ਰਹੇ ਸਨ। ਜੋ ਲੜਕੀ ਥੋੜ੍ਹੀ ਜਿਹੀ ਗੋਲ ਮਟੋਲ ਹੁੰਦੀ ਹੈ, ਉਸ ਨੂੰ ਕਾਮੇਡੀ ਜਾਂ ਬਬਲੀ ਲੜਕੀ ਦਾ ਕਿਰਦਾਰ ਦੇ ਦਿੱਤਾ ਜਾਂਦਾ ਹੈ। 'ਪਿਚਰਜ' ਵੈੱਬ ਸੀਰੀਜ਼ ਵਿੱਚ ਮੇਰੇ ਕਿਰਦਾਰ ਨੂੰ ਉਸ ਦੇ ਲੁਕ ਨਾਲ ਨਹੀਂ, ਬਲਕਿ ਉਸ ਦੇ ਵਿਅਕਤੀਤਵ ਜ਼ਰੀਏ ਪਰਿਭਾਸ਼ਿਤ ਕੀਤਾ ਗਿਆ ਸੀ।

* 'ਸ਼ੁਭ ਮੰਗਲ ਜ਼ਿਆਦਾ ਸਾਵਧਾਨ' ਫਿਲਮ ਕਿਵੇਂ ਮਿਲੀ?

– ਆਡੀਸ਼ਨ ਵਿੱਚ ਮੈਨੂੰ ਦੋ ਕਿਰਦਾਰਾਂ ਲਈ ਟੈਸਟ ਕੀਤਾ ਗਿਆ ਸੀ। ਮੈਂ ਫਿਲਮ ਵਿੱਚ ਗਾਗਲ ਦਾ ਕਿਰਦਾਰ ਨਿਭਾ ਰਹੀ ਹਾਂ, ਜਿਸ ਨੂੰ ਲੱਗਦਾ ਹੈ ਕਿ ਵਿਆਹ ਹੋਣ ਦੇ ਬਾਅਦ ਹੀ ਉਸ ਦੀ ਕੋਈ ਪਛਾਣ ਹੈ। ਪਹਿਲਾਂ ਮੈਨੂੰ ਗਾਗਲ ਦੀ ਥਾਂ ਦੂਸਰਾ ਕਿਰਦਾਰ ਆਫਰ ਕੀਤਾ ਗਿਆ ਸੀ, ਜੋ ਛੋਟਾ ਸੀ। ਇੱਕ ਹਫਤੇ ਬਾਅਦ ਮੈਨੂੰ ਕਾਲ ਆਇਆ ਕਿ ਗਾਗਲ ਦੇ ਕਿਰਦਾਰ ਲਈ ਤੁਹਾਨੂੰ ਫਾਈਨਲ ਕੀਤਾ ਗਿਆ ਹੈ। ਮੈਂ ਫਿਲਮ ਦੇ ਸ਼ੁਰੂ ਵਿੱਚ ਮਨ੍ਹਾ ਕਰ ਦਿੱਤਾ ਸੀ। ਮੈਨੂੰ ਡਾਇਰੈਕਟਰ ਨੂੰ ਮਿਲਣ ਲਈ ਕਿਹਾ ਗਿਆ। ਉਨ੍ਹਾਂ ਦੇ ਸਮਝਾਉਣ ਤੇ ਵੀ ਮੈਂ ਤਿਆਰ ਨਾ ਹੋਈ। ਫਿਰ ਆਨੰਦ ਐਲ ਰਾਏ ਸਰ ਨੇ ਸਮਝਾਇਆ। ਉਨ੍ਹਾਂ ਦੇ ਸਮਝਾਉਣ 'ਤੇ ਮੈਂ ਫਿਲਮ ਦੇ ਲਈ ਮਨ੍ਹਾ ਨਹੀਂ ਕਰ ਸਕੀ।

* ਇੰਡਸਟਰੀ ਵਿੱਚ ਆਉਣ ਤੋਂ ਪਹਿਲਾਂ ਇਥੇ ਕੀ ਕਰਨਾ ਤੇ ਕੀ ਨਹੀਂ, ਇਸ ਦੀ ਕੋਈ ਲਿਸਟ ਬਣਾਈ ਸੀ?

–ਇੰਡਸਟਰੀ ਵਿੱਚ ਆਉਣ ਦੇ ਬਾਅਦ ਆਸਪਾਸ ਅਤੇ ਖੁਦ ਨਾਲ ਹੋਏ ਚੰਗੇ ਮਾੜੇ ਤਜਰਬਿਆਂ ਦੇ ਆਧਾਰ 'ਤੇ ਮੈਂ ਕੁਝ ਨਿਯਮ ਬਣਾਏ ਹਨ। ਮੈਂ ਕੋਈ ਅਜਿਹਾ ਪ੍ਰੋਜੈਕਟ ਕਦੇ ਨਹੀਂ ਕਰਨਾ ਚਾਹਾਂਗੀ, ਜੋ ਮੈਂ ਖੁਦ ਨਾ ਦੇਖਣਾ ਚਾਹਾਂ। ਫਿਲਮ ਵਿੱਚ ਬੇਸ਼ੱਕ ਇੱਕ ਸੀਨ ਹੋਵੇ, ਜੇ ਉਸ ਸੀਨ ਦੀ ਵਜ੍ਹਾ ਨਾਲ ਕਹਾਣੀ ਅੱਗੇ ਵਧਦੀ ਹੈ ਤਾਂ ਇਹ ਫਿਲਮਾਂ ਵਿੱਚ ਕੰਮਮ ਕਰਨ ਤੋਂ ਮੈਨੂੰ ਕੋਈ ਇਤਰਾਜ਼ ਨਹੀਂ ਹੈ।

* ਟ੍ਰੇਲਰ ਵਿੱਚ ਤੁਸੀਂ ਘੋੜਸਵਾਰੀ ਕਰਦੇ ਨਜ਼ਰ ਆ ਰਹੇ ਹੋ।

– ਮੈਨੂੰ ਕਿਹਾ ਗਿਆ ਸੀ ਕਿ ਫਿਲਮ ਵਿੱਚ ਘੋੜਾ ਦੌੜਾਉਣਾ ਹੈ। ਇਸ ਲਈ ਘੋੜਸਵਾਰੀ ਸਿੱਖਣੀ ਪਈ। ਪਹਿਲਾਂ ਮੈਂ ਉਸ ਦੇ ਲਈ ਤਿਆਰ ਨਹੀਂ ਸੀ। ਘੋੜਸਵਾਰੀ ਦੀਆਂ ਪਹਿਲੀਆਂ ਦੋ ਕਲਾਸਾਂ ਬੜੀ ਚੰਗੀ ਤਰ੍ਹਾਂ ਹੋਈਆਂ। ਤੀਸਰੀ ਕਲਾਸ ਵਿੱਚ ਘੋੜਾ ਦੌੜਾਇਆ, ਉਹ ਮੇਰੇ ਕੰਟਰੋਲ ਤੋਂ ਬਾਹਰ ਨਿਕਲ ਗਿਆ। ਤਦ ਤੋਂ ਮੇਰੇ ਅੰਦਰ ਇੱਕ ਡਰ ਬੈਠ ਗਿਆ ਸੀ।

* ਫਿਲਮ ਵਿੱਚ ਪਿਆਰ ਦੀ ਗੱਲ ਹੈ। ਤੁਸੀਂ ਪਿਆਰ ਨੂੰ ਕਿਵੇਂ ਪਰਿਭਾਸ਼ਿਤ ਕਰਦੇ ਹੋ?

– ਮੈਨੂੰ ਨੀਨਾ ਗੁਪਤਾ ਜੀ ਨੇ ਕਿਹਾ ਸੀ ਕਿ ਦੁਨੀਆ ਵਿੱਚ ਕੇਵਲ ਇੱਕੋ ਰਿਸ਼ਤੇ ਵਿੱਚ ਸ਼ੁੱਧ ਤੇ ਨਿਸਵਾਰਥ ਪਿਆਰ ਹੁੰਦਾ ਹੈ। ਉਹ ਰਿਸ਼ਤਾ ਮਾਤਾ-ਪਿਤਾ ਤੇ ਉਨ੍ਹਾਂ ਦੇ ਬੱਚੇ ਵਿੱਚ ਹੁੰਦਾ ਹੈ। ਬਾਕੀ ਰਿਸ਼ਤਿਆਂ ਵਿੱਚ ਕਿਤੇ ਨਾ ਕਿਤੇ ਹੰਕਾਰ, ਈਰਖਾ ਵਰਗੇ ਭਾਵ ਹਾਵੀ ਰਹਿੰਦੇ ਹਨ। ਸੱਚਾ ਪਿਆਰ ਬਿਨਾਂ ਸ਼ਰਤ ਦੇ ਹੁੰਦਾ ਹੈ। ਉਹ ਕੇਵਲ ਮਾਤਾ-ਪਿਤਾ ਅਤੇ ਬੱਚੇ ਵਿੱਚ ਹੀ ਹੋ ਸਕਦਾ ਹੈ। ਦੂਸਰੇ ਰਿਸ਼ਤਿਆਂ ਵਿੱਚ ਬਹੁਤ ਸਾਰੇ ਨਿਯਮ ਹੁੰਦੇ ਹਨ।

* ਤੁਸੀਂ ਰਾਣੀ ਮੁਖਰਜੀ, ਅਨੁਸ਼ਕਾ ਸ਼ਰਮਾ, ਆਮਿਰ ਖਾਨ ਨਾਲ ਫਿਲਮਾਂ ਵਿੱਚ ਕੰਮ ਕੀਤਾ ਹੈ। ਉਨ੍ਹਾਂ ਤੋਂ ਕੀ ਸਿਖਿਆ?

– ਕੋਈ ਵੀ ਆਪਣੀ ਐਕਟਿੰਗ ਪ੍ਰਕਿਰਿਆ ਦੇ ਬਾਰੇ ਨਹੀਂ ਦੱਸਦਾ। ਮੈਂ ਬੱਸ ਉਨ੍ਹਾਂ ਨੂੰ ਦੇਖ ਕੇ ਸਿੱਖਣ ਦੀ ਕੋਸ਼ਿਸ਼ ਕਰਦੀ ਸੀ। ਜਦ ਤੁਸੀਂ ਇੰਡਸਟਰੀ ਦੇ ਬਾਹਰੋਂ ਆਉਂਦੇ ਹੋ ਤਾਂ ਮੈਗਜੀਨ ਅਤੇ ਅਖਬਾਰਾਂ ਵਿੱਚ ਸਿਤਾਰਿਆਂ ਬਾਰੇ ਪੜ੍ਹ ਕੇ ਇੱਕ ਅਲੱਗ ਦੁਨੀਆ ਬਣਾ ਲੈਂਦੇ ਹੋ, ਪਰ ਇਥੇ ਆ ਕੇ ਪਤਾ ਲੱਗਦਾ ਹੈ ਕਿ ਸਟਾਰ ਬਣਨਾ ਹੋਰ ਗੱਲ ਹੈ। ਹਰ ਕੋਈ ਵੱਖ ਗੱਲਾਂ ਸਿਖਾਉਂਦਾ ਹੈ। ਕੋਈ ਕਹਿੰਦਾ ਹੈ ਕਿ ਸਹਿਜ ਰਹੋ। ਕੋਈ ਕਹਿੰਦਾ ਹੈ ਕਿ ਸਟਾਰ ਵਾਲਾ ਸੁਭਾਅ ਰੱਖੋ, ਤਦ ਲੋਕ ਗੰਭੀਰਤਾ ਨਾਲ ਲੈਣਗੇ। ਮੈਂ ਮਹਿਸੂਸ ਕੀਤਾ ਹੈ ਕਿ ਛੋਟੇ ਕਦਮਾਂ ਨਾਲ ਹੀ ਵੱਡੇ ਰਸਤੇ ਤੈਅ ਹੁੰਦੇ ਹਨ। ਛੋਟਾ ਰੋਲ ਮਿਲਦਾ ਹੈ ਤਾਂ ਕਰ ਲੈਣਾ ਚਾਹੀਦਾ ਹੈ। ਛੋਟਾ ਰੋਲ ਨਹੀਂ ਕਰਨਾ ਤਾਂ ਅਸਿਸਟੈਂਟ ਡਾਇਰੈਕਟਰ ਬਣ ਜਾਓ। ਮੈਂ ਕਦੇ ਸੈਟ 'ਤੇ ਨਹੀਂ ਗਈ ਸੀ। ਮੈਨੂੰ ਨਹੀਂ ਪਤਾ ਸੀ ਕਿ ਕੈਮਰੇ ਦੇ ਪਿੱਛੇ ਇੰਨੇ ਲੋਕ ਹੁੰਦੇ ਹਨ, ਜਿਨ੍ਹਾਂ ਦੇ ਸਾਹਮਣੇ ਐਕਟਿੰਗ ਕਰਨੀ ਹੁੰਦੀ ਹੈ। ਇਹ ਸਭ ਮੈਂ ਕੰਮ ਦੇ ਦੌਰਾਨ ਸਿੱਖਿਆ ਹੈ। ਜੋ ਫਿਲਮੀ ਪਰਵਾਰ ਤੋਂ ਹੁੰਦੇ ਹਨ, ਉਨ੍ਹਾਂ ਨੂੰ ਇਸਦਾ ਫਾਇਦਾ ਹੋ ਜਾਂਦਾ ਹੈ। ਉਨ੍ਹਾਂ ਲਈ ਅਭਿਨੈ ਨਵਾਂ ਹੋ ਸਕਦੀ ਹੈ, ਪਰ ਮਾਹੌਲ ਤੋਂ ਜਾਣੂ ਹੁੰਦੇ ਹਨ। ਮੈਂ 'ਪੀਕੇ' ਦੇ ਸੈਟ 'ਤੇ ਅਨੁਸ਼ਕਾ ਸ਼ਰਮਾ ਕੀ ਖਾਂਦੀ ਹੈ, ਕਿਵੇਂ ਵਰਕਆਊਟ ਕਰਦੀ ਹੈ? ਇਹੀ ਦੇਖਿਆ ਕਰਦੀ ਸੀ।

## 'ਮਿਰਜ਼ਾਪੁਰ 2' ਵਿੱਚ ਖਲਨਾਇਕ ਵਜੋਂ ਦਿਸਣਗੇ ਲਿਲੀਪੁਟ



ਡਿਜੀਟਲ ਪਲੇਟਫਾਰਮ ਕੁਝ ਕਲਾਕਾਰਾਂ ਦੇ ਲਈ ਸੰਜੀਵਨੀ ਸਾਬਿਤ ਹੋ ਰਿਹਾ ਹੈ। ਇਸ ਪਲੇਟਫਾਰਮ 'ਤੇ ਜਿੱਥੇ ਲਗਾਤਾਰ ਨਵੇਂ ਚਿਹਰਿਆਂ ਨੂੰ ਖੁਦ ਨੂੰ ਸਾਬਿਤ ਕਰਨ ਦਾ ਮੌਕਾ ਮਿਲ ਰਿਹਾ ਹੈ, ਉਥੇ ਪੁਰਾਣੇ ਕਲਾਕਾਰਾਂ ਨੂੰ ਵੀ ਉਨ੍ਹਾਂ ਦੀ ਪਸੰਦ ਦਾ ਕੰਮ ਮਿਲ ਰਿਹਾ ਹੈ। 'ਚਮਤਕਾਰ', 'ਆਂਟੀ ਨੰਬਰ 1' ਅਤੇ 'ਬੰਟੀ ਔਰ ਬਬਲੀ' ਵਰਗੀਆਂ ਫਿਲਮਾਂ ਵਿੱਚ ਨਜ਼ਰ ਆ ਚੁੱਕੇ ਅਭਿਨੇਤਾ ਐੱਮ ਫਾਰੂਖੀ ਉਰਫ ਲਿਲੀਪੁਟ ਕਾਫੀ ਸਮੇਂ ਤੋਂ ਸਕਰੀਨ ਤੋਂ ਗਾਇਬ ਸਨ। ਅੱਗੋਂ ਉਹ ਵੈੱਬ ਸੀਰੀਜ਼ 'ਮਿਰਜ਼ਾਪੁਰ' ਦੀ ਸੀਕਵਲ 'ਮਿਰਜ਼ਾਪੁਰ 2' ਵਿੱਚ ਖਲਨਾਇਕ ਦੀ ਭੂਮਿਕਾ ਵਿੱਚ ਨਜ਼ਰ ਆਉਣਗੇ। ਦੱਸਿਆ ਜਾਂਦਾ ਹੈ ਕਿ ਉਨ੍ਹਾਂ ਦੇ ਕਿਰਦਾਰ ਦੇ ਦੋ ਹਮਸ਼ਕਲ ਬੇਟੇ ਹੋਣਗੇ। ਦੋਵਾਂ ਦਾ ਸੁਭਾਅ ਇੱਕ ਦੂਸਰੇ ਨਾਲੋਂ ਬਿਲਕੁਲ ਅਲੱਗ ਹੈ। ਇੱਕ ਦੀ ਸੋਚ ਨਕਾਰਾਤਮਕ ਹੈ, ਦੂਸਰੇ ਦੀ ਸਕਾਰਾਤਮਕ। ਦੋਵਾਂ ਪੁੱਤਰਾਂ ਵਿੱਚ ਸੰਤੁਲਨ ਬਣਾਉਣ ਦਾ ਉਨ੍ਹਾਂ ਦਾ ਕਿਰਦਾਰ ਕਾਫੀ ਰੋਮਾਂਚਕ ਹੋਵੇਗਾ। ਇਸ ਦੇ ਇਲਾਵਾ ਲਿਲੀਪੁਟ ਇੱਕ ਹੋਰ ਫਿਲਮ ਦੀ ਸਕ੍ਰਿਪਟ 'ਤੇ ਕੰਮ ਕਰ ਰਹੇ ਹਨ। ਸੱਚੀਆਂ ਕਹਾਣੀਆਂ ਤੋਂ ਪ੍ਰੇਰਿਤ ਉਨ੍ਹਾਂ ਦੀ ਫਿਲਮ ਦੀ ਸ਼ੂਟਿੰਗ ਜਲਦ ਸ਼ੁਰੂ ਹੋਵੇਗੀ।

ਉਤਰ ਪ੍ਰਦੇਸ਼ ਦੇ ਮਾਫੀਆ ਕਲਚਰ ਨੂੰ ਦਿਖਾਉਂਦੀ ਵੈੱਬ ਸੀਰੀਜ਼ 'ਮਿਰਜ਼ਾਪੁਰ' ਵਿੱਚ ਪੰਕਜ ਤ੍ਰਿਪਾਠੀ, ਵਿਕਰਾਂਤ ਮੇਸੀ, ਅਲੀ ਫਜ਼ਲ, ਕੁਲਭੂਸ਼ਣ ਖਰਬੰਦਾ ਅਤੇ ਰਸਿਕਾ ਦੁੱਗਲ ਮੁੱਖ ਭੂਮਿਕਾ ਵਿੱਚ ਸਨ। ਇਹ ਸਾਲ 2018 ਦੀ ਸਭ ਤੋਂ ਲੋਕਪ੍ਰਿਯ ਵੈੱਬ ਸੀਰੀਜ਼ ਵਿੱਚੋਂ ਇੱਕ ਰਹੀ। 'ਮਿਰਜ਼ਾਪੁਰ' ਦੀ ਰਿਲੀਜ਼ ਡੇਟ ਦੇ ਬਾਰੇ ਵਿੱਚ ਅਜੇ ਤੱਕ ਕੋਈ ਅਧਿਕਾਰਕ ਐਲਾਨ ਨਹੀਂ ਕੀਤਾ ਗਿਆ ਹੈ। ਇਸ ਸਾਲ ਦੀ ਅੰਤਿਮ ਤਿਮਾਹੀ ਵਿੱਚ ਇਸ ਦੇ ਰਿਲੀਜ਼ ਹੋਣ ਦੀ ਸੰਭਾਵਨਾ ਹੈ।

## ਪ੍ਰਭਾਸ ਦੀ 'ਜਾਨ' ਪੂਜਾ ਹੇਗੜੇ




ਫਿਲਮ 'ਹਾਊਸਫੁੱਲ 4' ਵਿੱਚ ਨਜ਼ਰ ਆਈ ਪੂਜਾ ਹੇਗੜੇ ਅੱਜਕੱਲ੍ਹ ਹਿੰਦੀ ਦੇ ਨਾਲ ਸਾਊਥ ਦੀਆਂ ਫਿਲਮਾਂ 'ਚ ਵੀ ਸਰਗਰਮ ਹੈ। ਉਹ ਇਸ ਸਮੇਂ ਦੋ ਹੋਰ ਫਿਲਮਾਂ ਕਰ ਰਹੀ ਹੈ, ਜਿਨ੍ਹਾਂ ਵਿੱਚੋਂ ਇੱਕ ਫਿਲਮ 'ਬਾਹੂਬਲੀ' ਨਾਲ ਪ੍ਰਸਿੱਧ ਹੋਏ ਪ੍ਰਭਾਸ਼ ਦੇ ਨਾਲ ਹੈ। ਸੂਤਰਾਂ ਅਨੁਸਾਰ ਫਿਲਹਾਲ ਫਿਲਮ ਦਾ ਨਾਂਅ 'ਜਾਨ' ਜਾਂ 'ਡਾਰਲਿੰਗ' ਰੱਖਿਆ ਗਿਆ ਹੈ। ਫਿਲਮ ਦੇ ਨਾਂਅ ਤੋਂ ਲੱਗਦਾ ਹੈ ਕਿ ਇਸ 'ਚ ਪ੍ਰਭਾਸ਼ ਅਤੇ ਪੂਜਾ ਦਾ ਜ਼ਬਰਦਸਤ ਰੋਮਾਂਸ ਦੇਖਣ ਨੂੰ ਮਿਲ ਸਕਦਾ ਹੈ। ਇਹ ਫਿਲਮ ਪ੍ਰਭਾਸ਼ ਦੀਆਂ ਹੋਰ ਫਿਲਮਾਂ ਵਾਂਗ ਬਹੁਤ ਵੱਡੇ ਪੱਧਰ 'ਤੇ ਸ਼ੂਟ ਕੀਤੀ ਜਾ ਰਹੀ ਹੈ। ਪਿੱਛੇ ਜਿਹੇ ਪ੍ਰਭਾਸ਼ ਨੇ ਯੂਰਪ ਦੇ ਇੱਕ ਸ਼ਹਿਰ ਵਿੱਚ ਇਸ ਦੀ ਸ਼ੂਟਿੰਗ ਸ਼ੁਰੂ ਕੀਤੀ ਹੈ ਤੇ ਜਲਦੀ ਹੀ ਪੂਜਾ ਵੀ ਇਸ ਦੇ ਲਈ ਉਥੇ ਪਹੁੰਚੇਗੀ। ਦੱਖਣ ਦੀ ਫਿਲਮ ਇੰਡਸਟਰੀ ਦੀਆਂ ਸਭ ਤੋਂ ਲੋਕ ਪ੍ਰਿਯ ਸੁੰਦਰੀਆਂ ਵਿੱਚੋਂ ਇੱਕ ਪੂਜਾ ਦੀ ਉਥੇ ਪਿੱਛੇ ਜਿਹੇ ਰਿਲੀਜ਼ ਹੋਈ ਤੇਲਗੂ ਫਿਲਮ 'ਅਲਾ ਵੈਕੁੰਠਪੁਰਾਮੁਲੋ' ਵੀ ਬੜੀ ਹਿੱਟ ਰਹੀ ਹੈ।

ਆਪਣੀਆਂ ਫਿਲਮਾਂ ਦੀ ਲਗਾਤਾਰ ਸਫਲਤਾ ਉਤੇ ਪੂਜਾ ਨੇ ਕਿਹਾ, "ਮੈਂ ਆਪਣੀਆਂ ਸਫਲ ਫਿਲਮਾਂ ਦੀ ਗਿਣਤੀ ਨਹੀਂ ਕਰਦੀ, ਕਿਉਂਕਿ ਇਹ ਰਾਹ ਦਾ ਰੋੜਾ ਬਣ ਸਕਦੀਆਂ ਹਨ। ਮੈਂ ਕੰਮ ਉਤੇ ਧਿਆਨ ਕੇਂਦਰਿਤ ਕਰ ਕੇ ਆਸ ਕਰਦੀ ਹਾਂ ਕਿ ਮੇਰੀਆਂ ਸਾਰੀਆਂ ਫਿਲਮਾਂ ਦੀਆਂ ਕਹਾਣੀਆਂ ਦੇ ਨਾਲ ਮੇਰਾ ਪ੍ਰਦਰਸ਼ਨ ਵੀ ਚੰਗਾ ਹੋਵੇ।" ਪੂਜਾ ਕਹਿੰਦੀ ਹੈ, "ਮੈਂ ਇਕੱਠੀਆਂ ਘੱਟੋ-ਘੱਟ ਚਾਰ ਫਿਲਮਾਂ ਕਰਨ ਦਾ ਦਮ ਰੱਖਦੀ ਹਾਂ। ਮੈਂ ਹਿੰਦੀ ਦੀਆਂ ਦੋ ਫਿਲਮਾਂ ਦੇ ਨਾਲ ਤੇਲਗੂ ਫਿਲਮਾਂ ਨੂੰ ਬੈਲੇਂਸ ਕਰ ਰਹੀ ਹਾਂ। ਮੈਂ ਕਿਸੇ ਇੱਕ ਵਿਸ਼ੇਸ਼ ਭਾਸ਼ਾ ਵਿੱਚ ਬੱਝਣਾ ਨਹੀਂ ਚਾਹੁੰਦੀ, ਮੈਂ ਇੱਕ ਭਾਰਤੀ ਅਭਿਨੇਤਰੀ ਬਣਨਾ ਚਾਹੁੰਦੀ ਹਾਂ। ਜਿੱਥੇ ਵੀ ਚੰਗਾ ਸਿਨੇਮਾ ਹੈ, ਮੈਂ ਉਸ ਨੂੰ ਕਰਨਾ ਚਾਹੁੰਦੀ ਹਾਂ।" ਉਸ ਅਨੁਸਾਰ, "ਮੈਂ ਆਪਣੀ ਹਿੰਦੀ ਤੋਂ ਤੇਲਗੂ ਫਿਲਮਾਂ ਦੀ ਸ਼ੂਟਿੰਗ ਲਈ ਜੈਪੁਰ ਤੋਂ ਹੈਦਰਾਬਾਦ ਤੱਕ ਦਾ ਸਫਰ ਕੀਤਾ, ਦੋ ਵੱਖ-ਵੱਖ ਖੇਤਰਾਂ ਅਤੇ ਸ਼ਹਿਰਾਂ ਤੋਂ, ਮੈਂ ਰਾਤ ਨੂੰ ਹਾਈਵੇ 'ਤੇ ਯਾਤਰਾ ਕੀਤੀ। ਲੋਕ ਮੈਨੂੰ ਪੁੱਛਦੇ ਰਹਿੰਦੇ ਹਨ ਕਿ ਮੈਂ ਇਹ ਸਭ ਕਿਵੇਂ ਮੈਨੇਜ ਕੀਤਾ, ਪਰ ਮੈਂ ਕੰਮ ਕਰਨ ਨੂੰ ਲੈ ਕੇ ਉਤਸ਼ਾਹਿਤ ਰਹਿੰਦੀ ਹਾਂ।"


ਬਿਜਲੀ ਦਾ ਕੋਈ ਵੀ ਛੋਟਾ/ਵੱਡਾ ਕੰਮ ਹੋਵੇ







For All Kinds of Electrical Work

(indoor/outdoor) LED Pot Lights ਲਗਵਾਉਣ 'ਤੇ DIMMER FREE ਲਗਵਾਓ

- Industrial Lighting/ Automation
- Residential/Commercial/Industrial
- Basement/Custom Homes Wiring
- Service Panel Upgrading
- Fire Alarm/ Securtiy System
- Drive way Lights
- CCTV Camera
- UPS & Battery Banks

Contact: Nirmal Singh Johal
(Certified Electrician)
647-716-2677

# NEED A LAWYER ??

Red Seal NOTARY

# KAUR LAW OFFICE



MANJEET KAUR
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization


**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



# Dr. Randhawa Dentistry



*Your own dentist who really cares for you*


We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044






# ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?

ਬਰੈਂਪਟਨ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ”

40 Vodden Court | Brampton



Anabela Serra
Sales Representative

ਸੰਪਰਕ ਕਰੋ:
416-400-5825

ROYAL LEPAGE
SUPREME REALTY, BROKERAGE
*INDEPENDENTLY OWNED AND OPERATED



Beautiful Well Kept Condo Townhouse Corner Unit, Feels Like A Semi-Detached. Spacious And Bright 3 Bedroom Family Home, Open Concept Kitchen And Living Area. Kitchen Includes Stainless Steel Appliances, Backsplash And Lots Of Cupboard Storage. Full Finished Basement With Rec Room. Fenced Backyard With Your Very Own Patio Deck For Your Entertainment. *Bonus* Private Playground For The Neighborhood.

For More listings Visit anabelaserra.com



# HOUSE FOR SALE




OPEN HOUSE
AT
LOT 234 ICELAND POPPY TRAIL, BRAMPTON

Feb 1st & Feb 2nd
From Noon-5:00pm

Fabulous 5 bedrooms, 5 washrooms, model left in this great new build in Brampton. 9 foot ceiling on main floor. separate entrance to the basement from the garage, quartz counter tops, wide plank hardwood floor on main, oak stairs. Will be completed and ready for an end of March closing!

Contact: Scott Gilmour
BROKER OF RECORD OWNER
scottgilmour@realtyexecuties.com or
416 802 0600

4310 Sherwoodtowne Blvd. Suite 303C
Mississauga, ON, L4Z 4C4
Bus; 905 848 1900 Fax: 905 848 1918
Each office independently owned and operated

REALTY EXECUTIVES
Plus Ltd., Brokerage





www.BramptonTopRelator.com

JAG AUJLA
REAL ESTATE BROKER

DIR: 416-371-7777

j.aujla@rogers.com www.jagaujla.com

RE/MAX Realty Specialist Inc., Brokerage (Independently Owned and Operated) Off: 905-456-3232

Advertisement GUARANTEED Till SOLD

Other Realtors only Promise
But JAG AUJLA SOLD YOUR HOME WITH
GUARANTEE
OR HE'LL BUY IT!*

Call For a Quick & Free Home Evaluation
www.BramptonQuickHomeEvaluation.com

Top 1% Ranked In* Broker

**2016,2015,2014,2013 **(2009,2008) 2012,2011,2010) **(RE/MAX International) **(2010) **(2014)

Urgently Need New Listing in Brampton/ GTA Call Jag Today To Sell Your Property For Top $$$ & Accurate Price

CALEDON
ਸੇਂਟ ਐਂਡਰੀਊ/Hwy 9/ਬੀਚਗਰੂਵ
2.58 ਏਕੜ ਤੇ ਬਣਿਆ ਬਹੁਤ ਹੀ ਸੋਹਣਾ 4 +2 ਬੈਡਰੂਮ ਅਤੇ 4 ਵਾਸ਼ਰੂਮ ਦਾ ਘਰ, 3 ਕਾਰ ਗਰਾਜ ਤੇ 11 ਕਾਰ ਪਾਰਕਿੰਗ, ਬਹੁਤ ਸਾਰੀਆਂ ਅਪਗ੍ਰੇਡਜ਼, ਬਹੁਤ ਹੀ ਸੋਹਣੀ ਲੈਂਡਸਕੇਪਿੰਗ ਦੇ ਨਾਲ "L" ਅਕਾਰ ਦੀ ਗਰਾਊਂਡ ਹੀਟੇਡ ਪੂਲ ਹੈ। ਫਿਨੀਸ਼ਡ ਬੇਸਮੈਂਟ। ਅਪਗ੍ਰੇਡਡ ਕਿਚਨ,ਗਰੇਨਾਈਟ ਕਾਊਨਟਰ ਟਾਪ ਆਦਿ

BRAMPTON
ਚਿੰਗਕੁਜ਼ੀ/ਡੁਫੀਲਡ/ਇਡਨਬ
ਚਿੰਗਕੁਜ਼ੀ ਦੇ ਏਰੀਏ ਵਿੱਚ 4+1 ਬੈਡਰੂਮ ਡੈਨ, 4 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ ਨੂੰ ਫਿਨੀਸ਼ਡ ਬੈਸਮੈਂਟ ਜਿਸ ਨੂੰ ਕਿ ਸੇਪਰੇਟ ਏਂਟਰੈਂਸ। ਹਾਰਡਵੁਡ ਫਲੋਰ, ਇਟ ਇਨ ਕਿਚਨ, ਸਟੇਨਲੈਸ ਸਟੀਲ ਅਪਲਾਈਨਸੈਸ, ਗਰੇਨਾਇਟ ਕਾਉਂਟਰ ਟਾਪ, ਮਾਸਟਰ ਬੈਡਰੂਮ ਨੂੰ 4 ਪੀਸ ਇੰਨ-ਸੁਟ, ਆਦਿ

WOODBRIDGE
ਟੇਸਟਨ ਰੋਡ/ ਹਾਈਵੇ 400/ਵੇਸਟਨ
ਬਹੁਤ ਹੀ ਸੋਹਣਾ 4 ਬੈਡਰੂਮ +4 ਵਾਸ਼ਰੂਮ ਦਾ ਡੀਟੈਚਡ ਘਰ, ਮੇਨ ਫਲੋਰ 9 ਫੀਟ ਸਿਲਿੰਗ, ਡਬਲ ਡੋਰ ਏਨਟਰੀ, ਦੂਜੇ ਫਲੋਰ ਤੇ ਨਵੀਂ ਲੈਮੀਨੇਟ ਫਲੋਰ ਅਤੇ ਮੇਨ ਫਲੋਰ ਤੇ ਹਾਰਡਵੁਡ। ਓਕ ਸਟੇਅਰਕੇਸ। ਸੋਹਣੀ ਈਟ ਈਨ ਕਿਚਨ ਅਤੇ ਸਟੇਨਲੈਸ ਸਟੀਲ ਅਪਲਾਈਨਸੈਸ, ਮਾਸਟਰ ਬੈਡਰੂਮ 5 ਪੀਸ ਈਨਸੂਟ।

BRAMPTON
ਵੇਨਲੈਸ / ਵੇਨ-ਕ੍ਰਿਕ
SOLD AT 98% OF ASKING PRICE

NEED MORE LISTINGS !!!
ਕੇਲਡਨ ਅਤੇ ਬਰੈਂਪਟਨ ਦੇ ਏਰੀਏ ਵਿੱਚ ਨਵੀਆਂ Listings ਦੀ ਤੁਰੰਤ ਲੋੜ ਹੈ।
Buyers ਘਰ ਖਰੀਦਣ ਲਈ Listings ਉਡੀਕ ਰਹੇ ਹਨ

Grand Upholstery Ltd
Sofa Company Originality in Every Piece

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

Special on Sale

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, ETIHAD, KLM, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption
Manulife

Signature.ca

ticoca IATA

Call Us For Guaranteed Lowest Airfare
ANY Airline Time Destination Around the World

WESTJET vacations, transat Holidays, sunwing, AIR CANADA VACATIONS

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

Carte WEALTH MANAGEMENT INC.
KANG TAX & FINANCIAL SERVICES

- Personal and Corporate Tax Filings**
- RDSP, RESP, RRSP, TFSA Plans*
- Life, Critical, Disability, Visitor Insurance***

FREE Tax Filing For New Immigrants

416-271-4877

Sukhwinder Kang (M.Sc. CFP) Financial Advisor

2645 ISLINGTON AVENUE, Unit # 101
ALBION & ISLINGTON, ETOBICOKE
OVER INDIA BAZAR GROCERY STORE

e-mail:sukhwinder.kang@cartewm.com

* Mutual funds provided by Carte Wealth Management Inc.
** Tax planning and filings provided by Kang Tax & Financial Services
*** Insurance sold through Carte Risk Management Inc., Financial Horizon and Axxel Insurance.

New City Pizza & Kamal Sandhu Real Estate Present

BHANGRA ਭੰਗੜਾ FITNESS

ENJOY DANCING, STAY FIT

647.685.1685

www.BhangraFitness.ca | bhangrafitness1@gmail.com

Offering Bhangra Classes For All Ages

Now Open 6 Days a Week

50 Lacoste Blvd, Unit-112 Brampton, ON L6P 3Z8

IFS INTERSTATE FREIGHT SYSTEMS INC.

A/Z ਡਰਾਈਵਰਾਂ ਦੀ ਲੋੜ

USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ

Also Hiring Owner Operators for local work & US

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystems.com
Call: 416-452-0677

REXDALE BODY SHOP
USED CAR SALE

Specialization In:
* All Kinds of Body Work
* Auto Glass Windshield
* Denting, Painting & Welding
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

SPECIAL PAINT JOB $779

RENTAL CAR PROVIDED

25 years of Canadian Experience
OPEN MON - SAT 9AM TO 7PM

CHEEMA
LOWEST PRICE IN TOWN
Towing Service Car Paint Starts $799* upto 100% Deductible Paid*

Call Rick or Manminder Cheema: 416.749.9596 / 416.951.6431

30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com